16370

੧ ੴ ਸਤਿਗੁਰ ਪ੍ਰਸਾਦਿ ॥

DEPARTMENT OF LANGUAGES
BOOK
PUNJAB, PATIALA

# ਨਾਭੇ ਦਾ ਚਿੱਠਾ

## ਭਾਗ ਪਹਿਲਾ

ਰਚਿਤ

**'ਵਤਸ' ਸਾਕਨ ਨਾਭਾ**

ਇਹ ਚਿੱਠਾ ਉਰਦੂ ਹਿੰਦੀ ਵਿਚ ਭੀ
ਮਿਲ ਸਕਦਾ ਹੈ।

ਮਿਲਣ ਦਾ ਪਤਾਃ—

**ਕਵੀ ਕੁਟੀਆ ਅੰਬਾਲਾ**

[ਪਹਿਲੀ ਵਾਰ ੫੦੦੦]

Courtesy with:
Language Department Punjab
Digitized by:
Panjab Digital Library

*Original with:*
Language Department Punjab
*Digitized by:*
Panjab Digital Library

ੴ ਵਾਹਿਗੁਰੂ ਜੀ ਕੀ ਫਤਹ

DEPARTMENT OF LANGUAGES
BOOK/63709
PUNJAB. PATIALA.

# ਜ਼ਰੂਰੀ ਬੇਨਤੀ !

ਇਸ ਪੁਸਤਕ ਦਾ ਕਰਤਾ ਮਹਾਰਾਜਾ ਰਿਪੁਦਮਨ ਸਿੰਘ (ਵਰਤਮਾਨ ਗੁਰਚਰਨ ਸਿੰਘ) ਵਾਲੀਏ ਨਾਭਾ ਦੇ ਜ਼ੁਰਮਾਂ ਦਾ ਇਕ ਸ਼ਕਾਰ ਹੈ, ਜਿਸਨੂੰ ਉਪ੍ਰੋਕਤ ਮਹਾਰਾਜਾ ਦੇ ਹੁਕਮ ਖਾਸ ਤੋਂ ਬੇਗੁਨਾਹ ਕੈਦ ਭੁਗਤਾਕੇ ਅਤੇ ਜਾਇਦਾਦ ਸਾਰੀ ਜ਼ਬਤ ਕਰਕੇ ਸਦਾ ਦੇ ਵਾਸਤੇ ਜਲਾ-ਵਤਨੀ ਪਰ ਮਜਬੂਰ ਕੀਤਾ।

ਕਰਤਾ ਦੀ ਬੇਗੁਨਾਹੀ ਓੜਕ ਨੂੰ ਗੂਰਮੈਂਟ ਦੇ ਐਹਦ ਵਿਚ ਖੁਲ੍ਹੀ ਅਦਾਲਤ ਪ੍ਰਗਟ ਹੋਈ ਤੇ ਇਨਸਾਫ ਮਿਲਿਆ। ਆਪਣਾ ਵਤਨ ਜਿਸਦੀ ਦੁਬਾਰਾ ਦੇਖਣ ਦੀ ਸੁਫਨੇ ਵਿਚ ਭੀ ਆਸ ਨਹੀਂ ਸੀ, ਦੇਖਣਾ ਨਸੀਬ ਹੋਇਆ। ਉਪ੍ਰੋਕਤ ਮਹਾਰਾਜਾ ਨਾਭਾ ਦੇ ਹਕੂਮਤ ਦੇ ਸਮੇਂ ਵਿਚ ਮੇਰੇ ਜੇਹੇ ਹੋਰ ਭੀ ਕਿਤਨੇ ਹੀ ਦਸੌਂਟਿਆਂ ਦੇ ਸ਼ਕਾਰ ਹੋਏ। ਨਹੀਂ ਪਤਾ ਅਜੇ ਹੋਰ ਕਿੰਨੇ ਬੇ-ਗੁਨਾਹਾਂ ਨੂੰ ਮਰੋੜਿਆ ਜਾਂਦਾ, ਜੇ ਪਟਿਆਲਾ ਨਾਭਾ ਕੇਸ ਹੋਕੇ ਗਵਰਮੈਂਟ ਆਲੀਆ ਵਿਚ ਅੱਤਿਆਚਾਰਾਂ ਦੇ ਪ੍ਰਗਟ ਹੋਣ ਦੀ ਸੂਰਤ ਨਾਂ ਬਣਦੀ। ਮੁਸੀਬਤ ਦੇ ਦਿਨਾਂ ਵਿਚ ਅਤੇ ਪਿਛੋਂ ਆਪਣੀ ਬੀਤੀ ਕਥਾ ਨੂੰ ਲਿਖ ਲਿਖਕੇ ਮੈਂ ਆਪਣਾ ਦੁਖੀਆ ਦਿਲ ਪਰਚਾਉਂਦਾ ਰਿਹਾ। ਇਹ ਮੁਮਕਿਨ ਸੀ ਕਿ ਇਹ ਕਵਿਤਾ ਜਿਸਦਾ ਖੁਲਾਸਾ ਹੁਣ ਛਾਪਿਆ ਜਾਂਦਾ ਹੈ, ਕਰਤਾ ਦੀ ਆਪਣੀ ਜ਼ਾਤ ਔਰ ਚੰਦ ਇਕ ਖਾਸ ਦੋਸਤਾਂ ਦੀ ਹੀ ਜ਼ਾਤ ਤਕ ਮੈਹਦੂਦ ਰਹਿ ਜਾਂਦੀ, ਪਰ ਇਨ੍ਹਾਂ ਦਿਨਾਂ ਵਿਚ ਅਖਬਾਰਾਂ ਅਤੇ ਅਫਵਾਹਾਂ ਦਾ ਰੌਲਾ ਸੁਣਕੇ ਕਿ ਮਹਾਰਾਜਾ ਨਾਭਾ ਨੂੰ ਵਾਪਸ

Original with:
Language Department Punjab
Digitized by:
Panjab Digital Library

ਗੱਦੀ ਦੇਣ ਦੇ ਵਾਸਤੇ ਗਵਰਮੈਂਟ ਗੌਰ ਕਰ ਰਹੀ ਹੈ, ਸੁਣਕੇ ਅਤੇ ਪੜ੍ਹਕੇ ਕਰਤਾ ਦਾ ਚਿੱਤ ਪੈਹਲੇ ਜ਼ੁਲਮਾਂ ਦਾ ਨਕਸ਼ਾ ਚੇਤੇ ਕਰਕੇ ਕੰਬ ਉਠਿਆ ਹੈ ਅਤੇ ਉਸਨੇ ਆਪਣਾ ਫਰਜ਼ ਸਮਝਾ ਹੈ ਕਿ ਗਵਰਮੈਂਟ ਆਲੀਆ ਅਤੇ ਪਬਲਿਕ ਦੀ ਤਵੱਜਾ ਕਿਸੇ ਤਰਾਂ ਉਸ ਖਤਰੇ ਕੱਨੀਂ ਕਰਾਵਾਂ ਜੋ ਜ਼ਰੂਰੀ ਤੌਰ ਸੇ ਮਹਾਰਾਜਾ ਰਿਪੁਦਮਨ ਸਿੰਘ ਕੋ ਦੁਬਾਰਾ ਗਦੀ ਬਠਾਉਣ ਵਿਚ ਪੇਸ਼ ਆਵੇਗਾ। ਕਿਉਂਕਿ ਕੋਈ ਇਸਲਾਹਾਤ (ਰੀਫ਼ਾਰਮ) ਉਨ੍ਹਾਂ ਦੇ ਵਤੀਰੇ ਵਿਚ ਹੋਣ ਦਾ ਉਨ੍ਹਾਂ ਦੀ ਵਲੋਂ ਸਬੂਤ ਪ੍ਰਗਟ ਨਹੀਂ ਹੋਇਆ। ਹੋ ਸਕਦਾ ਹੈ ਕਿ ਅਗੇ ਨੂੰ ਪਟਿਆਲੇ ਨਾਭੇ ਕੇਸ ਜੇਹਾ ਮੁਆਮਲਾ ਪ੍ਰਗਟ ਹੀ ਨਾਂ ਹੋਵੇ (ਕਿਉਂਕਿ ਦੰਦ ਕਾਫੀ ਖੱਟੇ ਹੋ ਚੁਕੇ ਹਨ)ਪਰ ਗਰੀਬ ਰਈਅਤ ਪਰ ਗੁੱਸਾ ਅਤੇ ਬਦਲਾ ਕਢਣੇ ਤੋਂ ਕੌਣ ਬਚਾਊਗਾ। ਕਰਤਾ ਇਕ ਗਰੀਬ ਆਦਮੀ ਹੈ। ਸਵਾਏ ਇਸਤੋਂ ਕਿ ਉਹ ਆਪਣੀ ਆਤਮਾਂ ਤੇ ਨਿਕਲੀ ਹੋਈ ਆਹਾ ਨੂੰ ਕਵਿਤਾ ਦੁਆਰਾ ਛਾਪਕੇ ਪਬਲਿਕ ਅਤੇ ਗਵਰਮੈਂਟ ਤੋਂ ਆਜਜ਼ਾਨਾ ਤੌਰ ਤੇ ਦਰਖੁਆਸਤ ਕਰੇ ਕਿ ਮਹਾਰਾਜਾ ਨਾਭਾ ਕੇ ਕਾਗਜ਼ੀ ਪ੍ਰੋਪੇਗੰਡਾ ਤੇ ਡਰਕੇ ਯਾ ਮੁਤਅੱਸਰ ਹੋਕੇ ਉਸਦੀ ਵਾਪਸੀ ਦੀ ਗਲਤੀ ਨਾਂ ਕਰ ਬੈਠੇ ਹੋਰ ਕੀ ਕਰ ਸਕਦਾ ਹੈ।

'ਕਰਤਾ'

# ਪਿਉ ਪੁਤ੍ਰ ਦਾ ਜੋੜ !

ਦੋਹਰਾ:—

(ਰੰਗਤ ਇੰਦਰ ਸਭਾ ਅਮਾਨਤ)

ਪ੍ਰਮੇਸ਼ੂਰ ਨੂੰ ਸਿਮਰਕੇ ਸੁਝਣ ਸੋਹਣੇ ਪੰਥ।
ਪਿਉ ਪੁਤ੍ਰ ਦੇ ਜੋੜ ਦਾ ਰਚਾਂ ਮਨੋਹਰ ਗ੍ਰੰਥ॥
ਦੋ ਟੁਕੜੇ ਇਕ ਅੰਗ ਦੇ ਵਖੋ ਵਖਰੇ ਭਾਗ।

Original with:
Language Department Punjab
Digitized by:
Panjab Digital Library

ਪਿਉ ਤਾਂ ਮੂਰਤ ਧਰਮ ਦੀ ਪੁਤ੍ਰ ਜ਼ੈਹਰੀ ਨਾਗ॥
ਜ਼ਿਮੀਂਦਾਰ ਘਰ ਜੰਮਕੇ ਪਿਉ ਤਾਂ ਪਾਵੇ ਰਾਜ।
ਮੈਹਲੀਂ ਜੰਮ ਕੁਲਛਣੇ ਪੁੱਤ ਉਡਾਵਣ ਬਾਜ॥
ਬਾਪ ਗੁਰਮੁਖੀ ਦਾ ਪੜ੍ਹਿਆ ਮਾਨ ਅੰਗ੍ਰੇਜ਼ੀ ਪਾਏ।
ਪੁੱਤ ਪੜ੍ਹੇ ਅੰਗ੍ਰੇਜ਼ੀਆਂ ਜੜ੍ਹ ਸ਼ੈਤਾਨ ਕਹਾਏ॥
ਚਿਰ ਤੋਂ ਖੁੱਸਿਆ ਤੱਲਕਾ ਬਾਪ ਬਣੇ ਹੱਕਦਾਰ।
ਪੁੱਤ ਤੱਲਕੇ ਹੱਥ ਦੇ ਖੋਵੇ ਤੇ ਘਰ ਬਾਰ॥
ਮੰਨ ਸਫਾਰਸ਼ ਬਾਪ ਦੀ ਹੁੰਦੇ ਮੁਆਫ਼ ਕਸੂਰ।
ਜਿਲਾਵਤਨ ਘਰ ਆਵੰਦੇ ਰੈਹਣ ਜੋ ਵਤਨੋਂ ਦੂਰ॥
ਉਸੇ ਪਿਉ ਦਾ ਪੁੱਤ ਹੁਣ ਦੇਖੋ ਫੁਟੇ ਭਾਗ।
ਵਤਨੋਂ ਬਾਹਰ ਵਸਦਾ ਕੁਲ ਨੂੰ ਲਾਇਆ ਦਾਗ॥
ਬਾਪ ਗ਼ੈਰ ਆਪਣੇ ਕਰੇ ਪੁਤਰ ਘਰ ਦੇ ਗ਼ੈਰ।
ਕਰਦਾ ਪ੍ਰੇਮ ਨਾਂ ਰਾਜ ਦਾ ਪਿਉ ਅਤੇ ਪੁੱਤਰ ਵੈਰ॥
ਰਾਜਪੂਤ ਆਪਣੇ ਕਰੇ ਪਿਉ ਨੇ ਜਾ ਪ੍ਰਦੇਸ।
ਪੁੱਤ ਗਵਾਂਢ ਵਿਗਾੜਕੇ ਅੰਤ ਫਰੋਲੇ ਕੇਸ॥
ਅੰਗਰੇਜ਼ ਦਵਾਨੇ ਸਹਾਂ ਦੇ ਮਿਲ ਬਾਪ ਘਰ ਆਏ।
ਲਾਟ ਸਕੱਤ੍ਰ ਵੈਸਰਾਏ ਕਰਦੇ ਪ੍ਰੀਤ ਸਵਾਏ॥
ਪਰ ਪੁੱਤ੍ਰ ਦੇ ਸਮੇਂ ਵਿਚ ਕਿਸੇ ਨ ਦਿਤਾ ਪੈਰ।
ਸਭ ਤੋਂ ਵੈਰ ਸਹੇੜਕੇ ਰਹੇ ਕਿਸਤਰ੍ਹਾਂ ਖੈਰ॥
ਬਾਪ ਦੁਖੀ ਮ ਤਾ ਦੁਖੀ, ਦੁਖੀ ਅਰਧੰਗੀ ਨਾਰ।
ਸਕੀ ਭੈਣ ਉਹ ਭੀ ਦੁਖੀ ਧ੍ਰਿਗ ਜੀਵਣ ਸੰਸਾਰ॥
ਪਿੰਡਿਓਂ ਜੰਮੀ ਧੀ ਦੁਖੀ ਨਾਨਕੇ ਸੌਹਰੇ ਸਾਕ।
ਨੌਕਰ ਚਾਕਰ ਸਭ ਦੁਖੀ ਲਾਣਤ ਤੇ ਸਿਰ ਖਾਕ॥
ਲਖ ਲਖ ਦੌਲਤ ਇਕ ਲਖਤ ਪਿਉ ਸੀ ਕਰਦਾ ਦਾਨ।

Original with:
Language Department Punjab
Digitized by:
Panjab Digital Library

ਪੁੱਤ ਕਰਨ ਬਖਸ਼ੀਸ਼ ਨੂੰ ਪੱਲੇ ਰਖਦਾ ਭਾਨ ॥
ਪਿਉ ਪ੍ਰਦੇਸਾਂ ਤੋਂ ਮੰਗਾ ਕਰਦਾ ਲੋਕ ਆਬਾਦ ।
ਪੁੱਤ ਉਜਾੜੇ ਬਸਦਿਆਂ ਝਟ ਕਰਦਾ ਬਰਬਾਦ ॥
ਜਿਲਾਵਤਨ ਤੋਂ ਘਟ ਕੋਈ ਸਜ਼ਾ ਨਾਂ ਉਸਦੇ ਯਾਦ।
ਤਾਂ ਹੀ ਤਾਂ ਹੁਣ ਚੱਖਦਾ ਬੇਵਤਨੀ ਦਾ ਸੁਆਦ ।
ਪਿਉ ਨਾਂ ਫਾਂਸੀ ਟੰਗਦਾ ਕਰੇ ਜੇ ਬਾਮਹਣ ਖੂਨ ।
ਪੁੱਤ ਜਗਾਕੇ ਸੁਤਿਆਂ ਘੜਦਾ ਤੁਰਤ ਕਨੂਨ ।
ਪਹਿਲਾਂ ਖੋਂਹਦਾ ਜਾਇਦਾਦਫੇਰ ਸੀ ਲਾਉਂਦਾਡੰਡ।
ਜਿਉਂ ਮੁਰਦੇ ਨੂੰ ਮਾਰਕੇ ਮੂਰਖ ਕਰੇ ਘੁਮੰਡ ॥
ਸੁਮੇਰ ਪੁਰੀ ਦੀ ਜਟਾਂ ਪਰ ਕਾਇਮ ਗੱਦੀ ਰਾਜ ।
ਸਾਧ ਬਾਹਮਣਾਂ ਜਾਣਦਾ ਪਿਉ ਨਿਤ ਸਿਰਦੇ ਤਾਜ॥
ਯਾਦ ਲਈ ਇਸ ਗਲ ਨੂੰ ਕਿਲੇ ਫੂਲ ਦੀ ਲੰਗ ।
ਕਚੀ ਰਖੀ ਹੁਣ ਤਾਈਂ ਜਾਨਣ ਲੋਕ ਨਸੰਗ ॥
ਪੁਤ੍ਰ ਉਠੇ ਐਹੋ ਜੇਹੇ ਲੁਟੇ ਬਾਹਮਣ ਸਾਧ ।
ਰੈਹਮ ਨਾਂ ਕਰਦਾ ਬਦਦਾ ਪਸੂਆਂ ਜਿਵੇਂ ਜੱਲਾਦ ॥
ਪਿਉ ਦੀ ਬੱਘੀ ਚਲਦੀ ਸ਼ਿਮਲੇ ਵਿਚ ਬਾਜ਼ਾਰ ।
ਦੋਨੋਂ ਪਾਸੇ ਲੋਕ ਖੜੇ ਕਰਦੇ ਜੈ ੨ ਕਾਰ ॥
ਕਈ ਕਰੋੜਾਂ ਦੇ ਧਨੀ ਰਾਜੇ ਅਤੇ ਨਵਾਬ ।
ਸ਼ਿਮਲੇ ਬੱਘੀ ਬੈਠਣਾ ਨਹੀਂ ਕਿਸੇ ਦੀ ਤਾਬ ॥
ਬਿਨਾਂ ਲਾਟ ਜਾਂ ਵਾਇਸਰਾਏ ਕਿਸਦੀ ਹੋਰ ਮਜਾਲ ।
ਨਿਕਲੇ ਕੋਈ ਸੈਲ ਨੂੰ ਠਾਠ ਰਾਜਸੀ ਨਾਲ ॥
ਧਨ ਧਨ ਪਿਉ ਦੇ ਭਾਗ ਵਲੀ ਜਿਸਦਾ ਐਡਾ ਮਾਨ।
ਭੰਗ ਦੇ ਭਾੜੇ ਪੁੱਤ ਨੇ ਖੋਈ ਸਾਰੀ ਸ਼ਾਨ ॥
ਬਿਨਾਂ ਕਮੇਟੀ ਦੇ ਹੁਕਮ ਸ਼ਿਮਲੇ ਵਿਚ ਮਕਾਨ।

Original with:
Language Department Punjab
Digitized by:
Panjab Digital Library

ਕੋਈ ਬਣਾ ਸਕਦਾ ਨਹੀਂ ਕੈਡਾ ਹੀ ਖਬੀ ਖਾਨ ॥
ਦੇਖੋ ਪਿਉ ਦਾ ਹੌਂਸਲਾ ਉਸ ਸ਼ਿਮਲੇ ਵਿਚ।
ਰਚੀਆਂ ਮੈਹਲ ਤੇ ਮੰਡਪਾਂ ਸਮਝ ਕਮੇਟੀ ਵਿਚ॥
ਪੇਸ਼ ਕਮੇਟੀ ਨਾਂ ਗਈ ਹਾਰ ਗਈ ਝਖ ਮਾਰ।
ਪਿਉ ਦੀ ਖਾਤਰ ਲੋੜ ਦੀ ਸਦਾ ਆਪ ਸਰਕਾਰ॥
ਉਸ ਸ਼ਿਮਲੇ ਨੂੰ ਛੱਡਕੇ ਪੁਤ੍ਰ ਹੋਇਆ ਜਨੂਨ।
ਗਰਮੀ ਦੀ ਰੁੱਤ ਕਟਦਾ ਵੱਸਕੇ ਡੇਹਰਾ ਦੂਨ॥
ਰੱਜੇ ਡੇਹਰਾ ਦੂਨ ਰੈਹ ਰਿਹਾ ਨਾਂ ਕੋਈ ਜਬ।
ਲਾਹ ਹੌਂਸਲਾ ਖੁਸ਼ੀ ਤੋਂ ਕੀਤਾ ਰੱਬ ਸਬਬ॥
ਤੇ ਕਰਨੀ ਖੜਕ ਦੀ ਪਿਉ ਦੇ ਵਖਤ ਹਮੇਸ਼।
ਪੁੱਤ ਮੁਰੱਮਤ ਨੂੰ ਕਹੇ ਭਾਰੀ ਹੋਇਆ ਕਲੇਸ਼॥
ਪਿਉ ਕਰਕੇ ਨੌਕਰ ਖੁਸ਼ੀ ਉਠ ਪੁੱਤ ਸ਼ਰੀਫ।
ਰਖੀ ਨਿਉਂ ਏਹੋ ਜੇਹੀ ਬਣੀ ਰਹੇ ਤ੍ਰਫ਼ ਫ਼॥
ਪੈਹਲਾਂ ਸੂਤਿਆ ਆਪ ਧੰਨ ਕੀਤਾ ਕਰਜ਼ ਪੜੌਸ।
ਖਰਚ ਵਧਾਇਆ ਜਥਿਆਂ ਨਹੀਂ ਹਾਕਮੀ ਦੋਸ॥
ਪਏ ਹਟੌਣੇ ਮੈਹਕਮੇਂ ਨੌਕਰ ਹੋਏ ਬੇਕਾਰ।
ਪੁਤ੍ਰ ਦੀ ਕਰਤੂਤ ਤੋਂ ਰੋਂਦੇ ਜ਼ਾਰੋਜ਼ਾਰ॥
ਜੇ ਨਭਾਗ ਨਾਂ ਜੰਮਦਾ ਕਰਜ਼ ਨਾਂ ਚੜ੍ਹਦਾ ਮੂਲ।
ਤਲਾਸ਼ ਨਾਂ ਕਰਦੇ ਰਿਜ਼ਕ ਦੀ ਨੌਕਰ ਹਟੇ ਫਜ਼ੂਲ॥
ਚੀਜ਼ ਬਜ਼ੁਰਗਾਂ ਦੀ ਕੋਈ ਕੋਠੀ ਮਹਿਲ ਮਕਾਨ।
ਬਾਗ ਬਗੀਚਾ ਬਿਲਟਣਾਂ ਬਿਕਣ ਨਾਂ ਵਿਚ ਜਹਾਨ॥
ਪਿਉ ਦੇ ਸਮੇਂ ਖਰੀਦੀਆਂ ਪੁਤਰ ਵਕਤ ਨਲਾਮ।
ਹੋਈਆਂ ਵਿਚ ਬਾਜ਼ਾਰ ਦੇ ਦੇਖਣ ਲੋਕ ਤਮਾਮ॥
ਏਸ ਕਰਾਈ ਨਲਾਮੀਆਂ ਲੋਕੀ ਬਿਨਾਂ ਕਸੂਰ।

Original with:
Language Department Punjab
Digitized by:
Panjab Digital Library

ਹੋਈਆਂ ਤਾਹੀਂ ਉਸਦੀਆਂ ਬੱਟੇ ਮਿਲਨ ਜ਼ਰੂਰ॥
ਅਕਲਮੰਦ ਪਿਉ ਚੱਤ੍ਰ ਸੀ ਬਦੀ ਨਾਂ ਕਰਦਾ ਭੁਲ।
ਪੁੱਤ ਕੁਸੰਗਤ ਵਿਚ ਪੈ ਲੈਂਦਾ ਬਦੀਆਂ ਮੁਲ॥
ਕੰਜਰੀ ਨੂੰ ਮਾਤਾ ਕਹੇ ਵਿਚ ਕਚੈਹਰੀ ਬਾਪ।
ਮਾਂ ਧੀ ਕੈਹ ਨਾਂ ਸੰਗਦਾ ਪੁੱਤਰ ਕਰਦਾ ਪਾਪ॥
ਨੇਕ ਬਖ਼ਤ ਨਾਂ ਮੰਨਦੀ ਜੇ ਕੋਈ ਉਸਦੀ ਬਾਤ।
ਝੂਠੇ ਬਣਾ ਮੁਕੱਦਮੇ ਕਰੇ ਵਾਰਸੀਂ ਘਾਤ॥
ਪਿਉ ਤਾਂ ਮਗਰੋਂ ਸਾਲ ਦੇ ਕਰਦਾ ਮੌਜੂਦਾਤ।
ਕੈਦੀ ਜੇਲ੍ਹੋਂ ਸੱਦਕੇ ਸਭ ਦੀ ਪੁਛਦਾ ਬਾਤ॥
ਛੁਟਣੋਂ ਪੈਹਲਾਂ ਛਡਦਾ ਛੋਟਾਂ ਦੇਂਦਾ ਰੱਜ।
ਕੈਦੀ ਰਹਿੰਦੇ ਸਭ ਖੁਸ਼ੀ ਦੇਣ ਦੁਆਈਂ ਗੱਜ॥
ਪੂੜੇ ਖੀਰ ਕੜਾਹ ਖਵਾ ਸਭਤੋਂ ਲੈਂਦਾ ਸੀਸ।
ਕਰਤੱਬ ਪੁਤਰ ਦੇ ਸੁਣੋਂ ਜਿਸਤੋਂ ਡਰਦਾ ਖਬੀਸ।
ਪਾਸ ਬੁਲਾਕੇ ਮਿਲਣ ਨੂੰ ਮੋਟਰ ਵਿਚ ਚੜ੍ਹਾਏ।
ਸੀਧਾ ਭੇਜੇ ਜੇਲ੍ਹ ਨੂੰ ਧਰਮ ਈਮਾਨ ਗਵਾਏ॥
ਕੌਡੀ ਦੀ ਬਾਤਾਂ ਲਈ ਜੇਲ੍ਹ ਸੁਟ ਇਤਬਾਰ।
ਜ਼ਿਦ ਬੈਹਸ ਨੂੰ ਪਿੱਟਦਾ ਕਦੇ ਨਾਂ ਲੈਂਦਾ ਸਾਰ॥
ਅੰਦਰ ਤੈਹਕੀਕਾਤ ਹੀ ਕਈ ਰਖੌਂਦਾ ਸਾਲ।
ਰਹਿੰਦੇ ਸੜਦੇ ਬੇਗੁਨਾਹਕਦੇ ਨਾਂ ਕਰਦਾ ਖਿਆਲ॥
ਆਖਰ ਹੁੰਦੇ ਫੈਸਲੇ ਦਿੰਦੇ ਹੁਕਮ ਸੁਣਾਏ।
ਨਾਲ ਸਬਰ ਦੇ ਕੱਟਦੇ ਕੈਦੀ ਕੈਦ ਭੁਲਾਏ॥
ਦਿਨ ਛੁਟਣ ਦਾ ਆਉਂਦਾ ਜਦੋਂ ਮੁਸ਼ਕਲਾਂ ਨਾਲ।
ਕੈਦ ਵਧਾਉਂਦਾ ਜ਼ਿਦ ਤੋਂ ਹੋਕੇ ਬੜਾ ਨਿਹਾਲ॥
ਵਧਣ ਹੌਂਸਲੇ ਪਿਉ ਵਕਤ ਪੁੱਤਰ ਵੇਲੇ ਕੈਦ।

Original with:
Language Department Punjab
Digitized by:
Panjab Digital Library

ਬਿਨਾਂ ਰੱਬ ਇਸ ਦੁਖ ਤੋਂ ਕੌਣ ਬਚੌਂਦਾ ਵੈਦ ॥
ਲਗੀ ਹਿੰਗ ਨਾਂ ਫਟਕੜੀ ਡਾਢਾ ਚੜ੍ਹ ਗਿਆ ਰੰਗ।
ਜ਼ਾਲਮ ਆਪਣੇ ਹੱਥ ਵੱਢ ਆਪੇ ਹੋ ਗਿਆ ਤੰਗ ॥
ਪਿਉ ਦੇ ਤਾਂ ਫੁਰਦੇ ਬਚਨ ਕਹੇ ਜੋ ਸੈਹਜ ਸੁਭਾਏ ।
ਆਗੇ ਸੋਈ ਆਉਂਦਾ ਨਜ਼ਰਖਾਲੀ ਕਦੇ ਨਾਂ ਜਾਏ॥
ਸੋਹਲੇ ਪਾਂਧੇ ਦੀ ਕਥਾ ਭੁਲਾ ਨਾਂ ਕਿਸਦੇ ਯਾਦ ।
ਪਿਉ ਦੇ ਬਚਨੋਂ ਥੀ ਹੋਈ ਜਿਸਦੇ ਖਾਸ ਉਲਾਦ ॥
ਇਹ ਸਭ ਬਰਕਤ ਸੱਚ ਸੀ ਕਰਾਮਾਤ ਨਾਂ ਹੋਰ ।
ਪੁਤਰ ਪਿਆਰਾ ਝੂਠ ਦਾ ਚੰਦਾ ਜਿਵੇਂ ਚਕੋਰ ॥
ਜਿਸਨੂੰ ਅਗੇ ਗ੍ਰੰਥ ਕਹੇ ਤੱਤੀ ਲਗੇ ਨਾਂ ਪੌਣ ।
ਉਮਰ ਕੈਦ ਉਸਨੂੰ ਕਰੇ ਕਹੋ ਘਟ ਕੀ ਰੌਣ ॥
ਮੂੰਹ ਤੋਂ ਫਿਰਨਾ ਗੱਲ ਕੀ ? ਲਿਖਕੇ ਮੁੱਕਰ ਜਾਏ ।
ਹਥੋਂ ਬੇਦਖਲੀ ਲਿਖੇ ਲੋਕੀ ਮੁਫ਼ਤ ਗਨਾਏ ॥
ਪਿਉ ਦੇ ਵੇਲੇ ਜੇ ਕੋਈ ਲੈਂਦਾ ਮੰਨ ਕਸੂਰ ।
ਝੱਟ ਬਖਸ਼ਦਾ ਹੋ ਖੁਸ਼ੀ ਦੇਂਦਾ ਛੱਡ ਜ਼ਰੂਰ ॥
ਪੁਤ੍ਰ ਵੇਲੇ ਕਤਲ ਦੇ ਬਣਦੇ ਝੂਠੇ ਕੇਸ ।
ਉਨ੍ਹਾਂ ਝਟ ਫਸਾ ਦਿੰਦੇ ਜੋ ਹੁੰਦੇ ਦਰਵੇਸ ॥
ਕਿਸੇ ਗਲ ਦਾ ਭੀ ਦਖਲ ਹੁੰਦਾ ਜ਼ਰਾ ਨਾਂ ਹੱਥ ।
ਘਰ ਬੈਠਿਆਂ ਨੂੰ ਡੰਗਦਾ ਐਵੇਂ ਲੈਂਦਾ ਨੱਥ ।
ਧਨ ਦੌਲਤ ਨੂੰ ਲੁਟਦਾ ਵਿਚ ਪਿੰਜਰੇ ਪਾਏ ।
ਜਮਾਂ ਪੁੱਤ ਨਾਂ ਛਡਦਾ ਸਗੋਂ ਮਾਂ ਕੈਦ ਵਧਾਏ ॥
ਡਾਢੇ ਦੀ ਕੁਦਰਤ ਬੜੀ ਜਾਦੂ ਤੁਰਤ ਦਖਾਏ ।
ਅਰਧ ਸ਼ਰੀਰੀ ਜ਼ੈਹਰ ਤੋਂ ਮਰੇ ਪੇਸ਼ ਨ ਜਾਏ ॥
ਪੇਟ ਚਾਕ ਹੋਵਨ ਪਏ ਜ਼ਰਾ ਨ ਔਂਦੀ ਸ਼ਰਮ ॥

Original with:
Language Department Punjab
Digitized by:
Panjab Digital Library

ਅਗੇ ਸੋ ਹੀ ਆਵੰਦੇ ਕਰੇ ਪੁਰਸ਼ ਜੋ ਕਰਮ ॥

ਹੁੰਦਾ ਕੋਈ ਜੇ ਨਫ਼ਰ ਭੀ ਪਿਉ ਦੇ ਵਕਤ ਬਿਮਾਰ।
ਰਾਜ਼ੀ ਕਰਕੇ ਛਡਦਾ ਲੈਂਦਾ ਭਾਰੀ ਸਾਰ॥
ਉਸੇ ਪਿਉ ਦਾ ਪੁਤ ਬਣ ਹਾਏ ਗ਼ਜ਼ਬ ਦੀ ਬਾਤ।
ਘਰ ਵਾਲੀ ਦੀਖਬਰ ਵੀ ਲਵੇ ਨਾਂ ਦਿਨ ਯਾ ਰਾਤ॥
ਰਿੜੇ ਮਹੀਨਿਆਂ ਦੁਖ ਵਿਚ ਆਪ ਰਹੇ ਪ੍ਰਦੇਸ।
ਪੈਸਾ ਖਰਚ ਕਰੇ ਇਕ ਨਾਂ ਮੋਈ ਕਰੇ ਕਲੇਸ਼॥
ਕਹੇ ਗ਼ਜ਼ਬ ਭਾਰੀ ਹੋਇਆ ਲੋਕੀ ਲੁਟਿਆ ਮਾਲ।
ਸੋਚ ਨਾਂ ਤ੍ਰੀਮਤ ਦੀ ਜ਼ਰਾ ਧਨ ਦਾ ਭਾਰੀਖਿਆਲ॥
ਜਿਊਂਦੀ ਲਿੱਤੀ ਸਾਰ ਨਾ ਮੋਈ ਦਾ ਅਫਸੋਸ।
ਜਿਸ ਜਿਸ ਉਸ ਸੇਵਾ ਕਰੀ ਉਸ ਉਸ ਲਾਏਦੋਸ਼॥
ਖੁਦ ਸੋਹਰਾ ਤੇ ਪੁਤਰੀ ਦੋਨੋਂ ਬੁਰੇ ਬਨਾਏ।
ਏਹੀ ਅੰਤ ਸਮੇਂ ਤਾਈਂ ਕਰਦੇ ਟੈਹਲ ਦਵਾਏ॥
ਅਰਧ ਸਰੀਰੀ ਨਾਲ ਭੀ ਜੀਹਦਾ ਬੁਰਾ ਸਲੂਕ।
ਉਸਦਾ ਕੀ ਕੋਈ ਲਗਦਾ ਸਜਣ ਕਹਿੰਦੇ ਕੂਕ॥
ਜਿਸਦਾ ਕੋਈ ਅਪਣਾਨਹੀਂ ਉਸ ਕਹੇ ਅਪਣਾ ਕੌਣ।
ਜਾਣੇ ਅਪਣਾ ਭੁਲ ਜੋ ਜਿਊਂਦਾ ਜਮ ਦੇ ਭੌਣ॥
ਬੜਿਆਂ ਦੀ ਮਰਯਾਦਾ ਨੂੰ ਪਿਉ ਨਾ ਛਡਦਾ ਮੂਲ।
ਪੁਤਰ ਰਸਮ ਰਵਾਜ ਨੂੰ ਦੇਸ ਪਿਆ ਫ਼ਜ਼ੂਲ॥
ਵਿਆਹ ਦੇ ਵੇਲੇ ਬਾਪ ਨੇ ਡਫੜੇ ਬੇ ਬਜਵਾਏ।
ਉਸਦਾ ਮਤਲਬ ਸਾਫ ਸੀ ਪੁਤ ਨਾਂ ਰਸਮ ਭੁਲਾਏ॥
ਬੜਿਆਂ ਦੀ ਕੇਹੜੀ ਰਸਮ ਭਲਾ ਉਸਨੂੰ ਭਾਏ।
ਜਿਸਨੇ ਅਪਣਾ ਨਾਮ ਹੀ ਲਿਤਾ ਤੁਰਤ ਬਟਾਏ॥
ਗੁਰੂ ਮਰਯਾਦਾ ਨਾਲ ਜੋ ਪਿਉ ਨੇ ਧਰਿਆ ਨਾਮ।

Original with:
Language Department Punjab
Digitized by:
Panjab Digital Library

ਓਹੀ ਲਿਤਾ ਦੂਰ ਕਰ ਉਸਨੂੰ ਸਤ ਸਲਾਮ ॥
ਪਿਓ ਨੂੰ ਲਜ ਸੀ ਪੁੱਤਰ ਨਾਮ ਦਿਤਾ ਖੋਏ ।
ਨਾਉਂ ਬਟਾਇਕੇ ਆਪਣਾ ਕੇਹੜਾ ਸੁਖੀਆ ਹੋਏ ॥
ਸਾੜੂ ਸਤੀ ਤੇ ਡਰਦਿਆਂ ਨਾਉਂ ਧਰਾ ਲਿਆ ਹੋਰ।
ਕੁੜੀਆਂ ਭੀ ਐਉਂ ਨ ਕਰਨ ਵਾਹ ਸੂਰਮਤਾ ਜ਼ੋਰ ॥
ਪਿਓ ਤਾਂ ਲਾਉਂਦਾ ਨਿੱਤ ਸਭਾ ਪੁਤ ਸਭਾ ਦਾ ਚੋਰ
ਮੁਸ਼ਕਲ ਸੇ ਆਵੇ ਨਜ਼ਰ ਜਿਉਂ ਪਤੰਗ ਦੀ ਡੋਰ ॥
ਸਦਾ ਛਨਿਛਰ ਬੁਧ ਨੂੰ ਹਰ ਹਫਤਾ ਦੋ ਵਾਰ।
ਬਾਪ ਕਮੇਟੀ ਜੋੜਦਾ ਲੈਂਦਾ ਸਚ ਨਤਾਰ॥
ਪੰਡਿਤ ਪਾਧੇ ਚੌਧਰੀ ਨਗਰ ਨਗਰ ਲੋਕ ਪਰਵੀਨ।
ਸਭ ਨੂੰ ਪੁਛ ਮੁਕੱਦਮੇ ਕਰਦਾ ਜੋ ਸੰਗੀਨ ॥
ਇਸ ਕਾਰਨ ਪਿਓ ਦੇ ਵਕਤ ਜ਼ੁਲਮ ਨਾਂ ਹੋਵੇ ਕਦੰਤ।
ਮਿਲਦੇ ਰਹਿੰਦੇ ਹਰ ਵਕਤ ਉਸਨੂੰ ਸਾਧੂ ਸੰਤ ॥
ਪੁਤ੍ਰ ਆਕੜ ਵਿਚ ਰਹੇ ਨਿਤ ਖਲਕਤ ਤੋਂ ਦੂਰ ।
ਕਹੇ ਕਿਸੇ ਦਾ ਹੈ ਨਹੀਂ ਮੇਰੇ ਜੇਹਾ ਸ਼ਹੂਰ ॥
ਅੱਵਲ ਤਾਂ ਨਾਂ ਕਿਸੇ ਨੂੰ ਫਟਕਣ ਦੇਂਦਾ ਪਾਸ।
ਮੂੰਹ ਲਾਏ ਤਾਂ ਏਹੋ ਜੇਹਾਂ ਜਿਨ੍ਹਾਂ ਕਰਾਇਆ ਨਾਸ਼ ॥
ਤਲਬ ਹਜ਼ਾਰਾਂ ਪਾਂਵਦੇ ਰਾਜੋਂ ਦਿਤਾ ਖੋਏ।
ਕੰਮ ਕਰਾਏ ਇਹੋ ਜਹੇ ਜਿਸਤੋਂ ਅਪਜਸ ਹੋਏ ॥
ਪਦਮ ਸੈਨ ਉਸਨੂੰ ਕਰਿਆ ਪਦੂਓਂ ਜੋ ਘਟ।
ਹਿਜ਼ ਮੈਜਸਟੀ ਸ਼ਹਿਨਸ਼ਾਹ ਕਹਿ ਕਹਿ ਦਿੱਤਾ ਪਟ॥
ਕਿਥੇ ਪਿਓ ਦੀ ਨਿਮ੍ਰਤਾ ਕਹਿ ਜੋ ਸਕਦਾ ਦਾਸ।
ਕਿਥੇ ਪੁਤਰ ਕਖ ਜੇਹਾ ਕਰੇ ਲਖ ਅਰਦਾਸ ॥
ਪਿਓ ਤਾਂ ਬੁਧੀ ਬਾਰਧੀ ਜੇਹੇ ਗ੍ਰੰਥ ਬਣਵਾਏ।

Original with:
Language Department Punjab
Digitized by:
Panjab Digital Library

ਪੁਤ ਟ੍ਰੈਕਟ ਛਾਪਕੇ ਆਂਢ ਗਵਾਂਢ ਦੁਖਾਏ ॥
ਮੂਰਤ ਮੋਏ ਬਾਪ ਦੀ ਦਿਖੇ ਮੁਜੱਸਮ ਨੂਰ।
ਦੱਗ ਦੱਗ ਚੇਹਰਾ ਕਰੇ ਰਿਹਾ ਤੇਜ ਭਰਪੂਰ ॥
ਯਾ ਕੋਈ ਗਰੰਥੀ ਭਾਈ ਜੀ ਆਪੇ ਡੇਰਾ ਛੱਡ।
ਸਿਰਆਇਆ ਮਰਦਾਫਿਰੇ ਜਿਉਂ ਬਿਨ ਪਾਣੀਡੱਡ॥
ਪਿਉ ਦੇ ਉਤੇ ਨਾਰ ਨਰ ਸਭ ਕਰਦੇ ਇਤਬਾਰ।
ਰੁੱਖਾ ਸੁੱਕਾ ਖਾਇਕੇ ਜਾਨ ਦੇਣ ਨੂੰ ਤਿਆਰ ॥
ਪੁਤ੍ਰ ਦਿੰਦਾ ਦਸ ਹਜ਼ਾਰ ਫਿਰ ਭੀ ਰਹਿੰਦੇ ਦੂਰ।
ਡਰਦੇ ਪਾਸ ਨਾਂ ਫਟਕਦੇ ਮਾਰੂ ਬਿਨਾਂ ਕਸੂਰ ॥
ਪਿਉ ਨੇ ਆਪਣੇ ਗੁਣਾਂ ਤੋਂ ਬੰਨ੍ਹੀ ਖਲਕ ਜ਼ਬਾਨ।
ਜਟੀਂ ਰਾਜ ਤੇ ਮੁੱਠੀਂ ਕਾਜ ਨੂੰ ਐਵੇਂ ਕਹੇ ਜਹਾਨ॥
ਪੁਤਰ ਕੁਲ ਦੀਵੇ ਬਣੇ ਕਰ ਕਰ ਭੈੜੇ ਕੰਮ।
ਯਾਦ ਕਰਾਈ ਜਗਤ ਦੇ ਇਹ ਕਹੌਤ ਬੇਦੱਮ ॥
ਮੱਥਾ ਟੇਕਣ ਜਾਂਵਦਾ ਬਾਪ ਮਤੇਈ ਬਾਰ।
ਓਹ ਨਿਤ ਗਾਲਾਂ ਕਢਦੀ ਟਹਿਲਣ ਹੱਥ ਹਜ਼ਾਰ ॥
ਮੱਥੇ ਵੱਟ ਨਾਂ ਪਾਉਂਦਾ ਪਿਉ ਗਾਲਾਂ ਤੋਂ ਭੁਲ।
ਆਖਰ ਨੇਕ ਸਲੂਕ ਤੋਂ ਗਈ ਮਤੇਈ ਡੁਲ ॥
ਸੀਸਾਂ ਲਗੀ ਦੇਣ ਓਹ ਜੋ ਨਿਤ ਗਾਲਾਂ ਸੁਣਾਏ।
ਕਰੀ ਕਹਾਵਤ ਸੱਚ ਇਹ ਠੰਢਾ ਤੱਤੀ ਖਾਏ ॥
ਕਿਥੇ ਪਿਉ ਨੇ ਦੂਰਦੀਆਂ ਲਈਆਂ ਮਾਵਾਂ ਮਨਾਏ।
ਕਿਥੇ ਸਕੀਆਂ ਪੁੱਤ ਨੇ ਦਿਤੀਆਂ ਦੂਰ ਬੈਠਾਏ ॥
ਜੋ ਮਾਂ ਬਾਪ ਵਸਾਰਦੇ ਉਨ੍ਹਾਂ ਕਿਥੇ ਸੁੱਖ।
ਕੁਦਰਤ ਉਨ੍ਹਾਂ ਕ੍ਰਿਤਘਨਾਂ ਪਲ ਪਲ ਦਿੰਦੀ ਦੁੱਖ ॥
ਮੋਏ ਮਾਂ ਪਿਉ ਨਾਮ ਜੋ ਕਰਦੇ ਲਖੀਂ ਦਾਨ ॥

Original with:
Language Department Punjab
Digitized by:
Panjab Digital Library

ਨਿਤ ਦੁਆਈਂ ਮੰਗਦੇ ਓਹ ਭੀ ਲੋਕ ਜਹਾਨ।
ਜਿਸ ਪਿਊ ਦੇ ਗੁਣਾਂ ਤੋਂ ਕਲਮ ਨਾਂ ਪਾਵੇ ਪਾਰ॥
ਗਿਆ ਵਲਾਇਅਤ ਨੰਦਘੋਪ ਉਸਨੂੰ ਛੱਡਬੀਮਾਰ॥
ਹਾਰਿਆ ਤਾਰਾਂ ਬਾਪ ਦੇ ਪੁਤ ਨਾਂ ਲੀਤੀ ਸਾਰ।
ਮੋਏ ਪਿਛੋਂ ਆਉਂਦਾ ਲੋਕ ਦੇਣ ਫਿਟਕਾਰ॥
ਪਿਉ ਦੀ ਪੂਜੇ ਸਮਾਧ ਹੈ ਸੁਖਾਂ ਪੂਰੀਆਂ ਹੋਣ।
ਤੜਕੇ ਲਈਏ ਨਾਉਂ ਪੁਤ ਦਿਨ ਬੀਤੇ ਵਿਚ ਰੋਣ॥
ਪੁਤ ਬਦੀ ਦੀ ਸ਼ਕਲ ਹੈ ਪਿਉ ਨੇਕੀ ਤਸਵੀਰ।
ਮਤਲਬ ਹੈ ਇਸ ਗਰੰਥ ਦਾ ਪੱਥਰ ਉਪ ਲਕੀਰ॥
ਜਸ ਜੀਵਨ ਅਪਜਸ ਮਰਨਲੋਕ ਕਥਣ ਨਹੀਂਕਚ।
ਪਿਉ ਪੁਤਰ ਦੇ ਤੋੜ ਤੋਂ ਸਾਬਤ ਹੋਵੇ ਸੱਚ॥
ਜਿਸਨੂੰ ਲੋਕ ਸਲਾਹੁੰਦੇ ਸੁਰਗ ਵਿਚ ਓਹ ਜਾਣ।
ਨਿੰਦਿਆ ਵਾਲੇ ਨਰਕ ਵਿਚ ਪੱਕੀ ਠੀਕ ਪਛਾਣ॥
ਇਕ ਸੌ ਨੌਂ ਦੋਹੇ ਰਚੇ ਰਤਨ ਮਾਲ ਸ਼ਭ ਨਾਮ।
ਪਿਉ ਪੁਤ੍ਰ ਦਾ ਜੋੜ ਭੀ ਦੋ ਜਾਨਾਂ ਓਹੋ ਆਮ॥
ਸੁਣ ਸੱਜਣ ਸੁਖ ਪੌਣਗੇ ਦੁਰਜਨ ਹੋਣ ਮਚੱਲ।
ਜਿਉਂ ਉੱਲੂ ਦਿਨ ਤੋਂ ਡਰਨ ਰਾਤੀ ਜਾਨਣ ਵੱਲ॥
ਭੁਲ ਚੁਕ ਹੋਵੇ ਕਿਤੇ ਸੱਜਣ ਲੈਣ ਸਵਾਰ।
ਬਨਤੀ ਡਾਢੀ ਵਤਸ ਦੀ ਕਰਨ ਬੜਾ ਉਪਕਾਰ॥
ਪਰਮੇਸ਼੍ਵਰ ਦੀ ਦਿਆ ਤੋਂ ਗਰੰਥ ਉਤਰਿਆ ਪੂਰ।
ਪੜ੍ਹੇ ਸੁਣੇ ਜੋ ਪ੍ਰੇਮ ਤੋਂ ਹੋਣ ਦਲਿਦਰ ਦੂਰ॥

Original with:
Language Department Punjab
Digitized by:
Panjab Digital Library

# ਮੰਗਲਾ ਚਰਨ !

[ ਦੋਹਾ ]

ਸਿਮਰਨ ਕਰ ਭਗਵਾਨ ਦਾ ਮਾਲਕ ਕੁਲ ਜਹਾਨ ।
ਨਾਭੇ ਦੇ ਮਹਾਰਾਜ ਦਾ ਡਿੱਠਾ ਕਰਾਂ ਬਿਆਨ ॥

---

# ਭੂਮਿਕਾ !

[ ਕਬਿੱਤ ੧ ]

ਘਰ ਬਾਰ ਖੋਹਕੇ ਜੀਹਨੇ ਵਸਦੇ ਉਜਾੜੇ ਲੋਕ,
ਅੰਗ ਸਾਕ ਲੁਟੇ ਲੈਕੇ ਜਰੀਮਾਨੇ ਭਾਰੀ ਜੀ ।
ਐਹਲਕਾਰ ਕੀਤੇ ਕੈਦ ਝੂਠੇ ਇਲਜ਼ਾਮ ਲਾਕੇ,
ਗੁੰਡਿਆਂ ਦੀ ਡਾਇਰੀਆਂ ਨੂੰ ਜਾਣੇ ਵਫਾਦਾਰੀ ਜੀ ।
ਆਪੇ ਛਡ ਰਾਜ ਨੂੰ ਜੇ ਜਲਾ-ਵਤਨ ਹੋਗਿਆ ਹੈ,
ਰੰਜ ਕਾਹਦਾ ਕਰਮ ਫਲ ਭੋਗੇ ਸ੍ਰਿਸ਼ਟ ਸਾਰੀ ਜੀ ।
ਲੋਕੋ ! ਡਰੋ-ਰਬੋਂ ਜੀਹਦੇ ਕਹਿਰ ਤੇ ਬਾਂਕੇ ਦਿਹਾੜੇ,
ਬੁਰੇ ਹਾਲ ਹੋਣ ਬਾਦਸ਼ਾਹਾਂ ਤੋਂ ਭਖਾਰੀ ਜੀ ।

[ ਕਬਿੱਤ ੨ ]

ਜ਼ੁਲਮ ਅਤੇ ਜ਼ਿਦ ਦਾ ਸਰੂਪ ਰਿਪੁਦਮਨ ਸਿੰਘ,
ਸ਼ੁਕਰ ਕਰੋ ਰਾਜ ਤੋਂ ਜੇ ਹੋ ਗਿਆ ਕਨਾਰੇ ਜੀ ।
ਕਿਸੇ ਇਨ੍ਹਾਂ ਕਾਲੀਆਂ ਨੂੰ ਰੋਕਿਆ ਨਾਂ ਸਮਝਦਾਰ,
ਕੈਦ ਹੋ ਹੋ ਐਵੇਂ ਜਿਨ੍ਹਾਂ ਦੁਖ ਸਹੇ ਭਾਰੇ ਜੀ ।
ਜ਼ਾਲਮ ਦੇ ਪਖ ਤੇ ਹਮੈਤ ਤੇ ਨਾਂ ਰਬ ਰਾਜ਼ੀ,
ਗਰੰਥ ਅਤੇ ਪੰਥ ਏਹੀ ਆਖ ਰਹੇ । ਸਾਰੇ ਜੀ ।
ਨਨਕਾਣੇ ਦਾ ਮਹੰਤ ਕਢਿਆ ਕੁਚਲਣ ਜਾਣ,
ਨਾਭੇ ਵਾਲੇ ਨੇ ਤਾਂ ਕੀਤੇ ਇਹਤੋਂ ਵਧ [illegible]ਕਾਰੇ ਜੀ ।

Original with:
Language Department Punjab
Digitized by:
Panjab Digital Library

[ ਕਬਿੱਤ ੩ ]

ਸਾਕਾਂ ਦੀਆਂ ਜ਼ਨਾਨੀ ਤੋਂ ਪਰਾਟੀਸ ਤੋਰੀ ਸੀਗੀ,
ਫੇਰ ਰਾਵਣ ਵਾਙੂੰ ਹਦ ਛਡੀ ਨਹੀਂ ਕਾਈ ਹੈ।
ਟੈਹਲਣਾਂ ਬਹਾਨੇ ਕੋਈ ਦੱਲਿਆਂ ਤੋਂ ਮੰਗਾਵਾਈਆਂ,
ਚੂਨਾਂ ਕਰਿਆ ਕੱਠਾ ਜੇੜ੍ਹੀ ਦੇਖੀ ਕਿਲਾ ਪਾਈ ਹੈ।
ਉਗਲਵੀ ਸਾਹਿਬ ਨੇ ਆਕੇ ਕੀਤੀਆਂ ਆਜ਼ਾਦ ਰੰਨਾਂ,
ਉਨ੍ਹਾਂ ਵਿਚੋਂ ਦਿੱਤੀ ਐਨ ਨਿਹਾਲ ਕੁਰ ਦੁਹਾਈ ਹੈ।
ਕਹੇ ਕਿਥੇ ਜਾਵਾਂ ਮੇਰੀ ਰਾਜੇ ਨੇ ਗਵਾਈ ਆਨ,
ਅੰਗ੍ਰੇਜ਼ ਪਾਸੋਂ ਤਲਬ ਆਪਦੀ ਬਨ੍ਹਾਈ ਹੈ।

[ ਕਬਿੱਤ ੪ ]

ਡੰਗਰਾਂ ਦੇ ਵਾਂਗ ਪੈਹਲਾਂ ਟਹਿਲੂਏ ਉੜਾਉਂਦੇ ਮੌਜ,
ਜੂਠ ਖਾਕੇ ਫੇਰ ਭੌਂਦੂ ਫੁਲਿਆ ਨਾਂ ਸਮਾਂਵਦਾ।
ਹਮਲ ਗਿਰਾਵੇ ਜੇਹੜੇ ਗਿਰਨ ਨਾਂ ਮਰਾਵੇ ਬੱਚੇ,
ਬਾਜ਼ੀਆਂ ਨੂੰ ਬੂਟਾਂ ਨਾਲ ਦਰੜਕੇ ਮੁਕਾਵੰਦਾ।
ਆਖੀਏ ਜ਼ਬਾਨ ਥੱਮੇ ਲਿਖਦਿਆਂ ਤੋਂ ਕਲਮ ਕੰਬੇ,
ਏਸ ਲੇਖੇ ਨਾਭੇ ਨੂੰ ਸਰਹੰਦ ਸੀ ਬਨਾਵੰਦਾ।
ਮੋਏ ਬੱਚਿਆਂ ਦੇ ਕਰੰਗ ਨਿਕਲੇ ਨੇ ਕਿਲੇ ਵਿਚੋਂ,
ਦੇਖੇ ਕੌਣ ਸੁਨਣ ਤੋਂ ਕਲੇਜਾ ਮੂੰਹ ਨੂੰ ਆਵੰਦਾ।

[ ਕਬਿੱਤ ੫ ]

ਸੌਹਰਿਆਂ ਤੋਂ ਪੈਹਲ ਕਰੀ ਟਰੰਕ ਬਿਸਤਰੇ ਚਕਾਏ,
ਬੀਰ ਸਿੰਘ ਜੇਹਿਆਂ ਤੋਂ ਡਾਕੇ ਮਰਵਾਏ ਹਨ।
ਆਸ ਤੇ ਪੜੋਸ ਚਾਲਬਾਜ਼ੀਆਂ ਤੋਂ ਕਰੇ ਤੰਗ,
ਚੋਰ ਠੱਗ ਸੀਂਕ ਉੱਧ ਮੂਲ ਤਾਂ ਪਵਾਏ ਹਨ।
ਫਰਾਂਸਦਾ ਜਿਉਂ ਬੋਨਾਂ ਪਾਰਟ ਸ਼ਹਿਨਸ਼ਾਹ ਕਹਾਵਾਂ ਹਿੰਦ,
ਏਸ ਗਠੂ ਬੋਨੇ ਨੇ ਐਉਂ ਧਿਆਨ ਊਚੇ ਲਾਏ ਹਨ।

Original with:
Language Department Punjab
Digitized by:
Panjab Digital Library

ਕਾਗਜ਼ੀ ਦੁੜਾਕੇ ਘੋੜੇ ਝੂਠੀ ਅਫ਼ਵਾਹਾਂ ਨਾਲ,
ਖੂੱਸੇ ਰਾਜ ਦਸੋ ਪਾਪੀਆਂ ਨੇ ਕਿਥੇ ਪਾਏ ਹਨ।

(ਪੈਦਾਇਸ਼)

ਪਿਛਲੀ ਉਮਰ ਬਾਪ ਦੇ ਸੀ ਜੰਮਿਆ।
ਪਰਜਾ ਦਾ ਚਿਤ ਡਾਵਾਂ ਡੋਲ ਥੰਮਿਆ।
ਖੁਸ਼ੀਆਂ ਮਨਾਈਆਂ ਕਦੇ ਨਿਆਉਂ ਕਰੂਗਾ।
ਕੌਣ ਜਾਣੇ ਲਹੂਆਂ ਦੇ ਕਟੋਰੇ ਭਰੂਗਾ।
ਸਾਧ ਬਾਹਮਣੇ ਦੇ ਕਰੂ ਜ਼ਬਤ ਮਾਲ ਜੀ॥
ਨਾਂਭੇ ਵਾਲੇ ਰਾਜੇ ਦਾ ਸੁਣੋ ਹਵਾਲ ਜੀ॥

(ਤਰਬੀਅਤ)

ਭਾਈ ਕਾਹਨ ਸਿੰਘ ਸਿਖ ਪੰਥ ਦੇ ਰਤਨ।
ਉਨ੍ਹਾਂਦੇ ਸਪੁਰਦ ਹੋਯਾ ਇਹ ਦਾ ਬਾਲਪਾਨ।
ਓਹ ਤਾਂ ਭਲੇ ਲੋਕ ਮੰਨੇ ਦੰਨੇ ਸਨ ਵੱਡੇ।
ਜਾਣੇ ਕਿਥੋਂ ਸਿਖਿਆ ਬਣੌਣੇ ਇਹ ਅੱਡੇ।
ਪ੍ਰਗਟ ਹੋਯਾ ਜਿਵੇਂ ਡੂਮਣਾ ਮਖਿਆਲ ਜੀ॥
ਨਾਭੇ ਵਾਲੇ... ... ...

ਸਭਨਾਂ ਤੋਂ ਪਹਿਲਾਂ ਭਾਈਸਾਹਿਬ ਹੀ ਡੰਗੇ।
ਭਾਈਆਂ ਸਮੇਤ ਰੰਗ ਜ਼ੁਲਮ ਦੇ ਰੰਗੇ।
ਗੁਰਦਵਾਰਾ ਖੋਹਕੇ ਦਿਤੀ ਗੁਰੂ ਦਖਣਾ।
ਬਣਕੇ ਕ੍ਰਿਤਘਣ ਖੋਈ ਸਾਰੀ ਜਖਣਾ।
ਭਲਾ ਕਹੀਏ ਯਾ ਮਨੁਖ ਮਾਂਗੇ ਵਾਲ ਜੀ॥
ਨ ਭੇ ਵਾਲੇ ... ... ...

(ਹੁਲੀਆ)

ਵਿਚੋਂ ਸੀਨੇ ਸਿਆਹ ਉਤੋਂ ਰੰਗ ਜ਼ਫ਼ਰਾਂ।
ਸ਼ਕਲ ਮੋਮਨਾਂ ਤੇ ਕਰਤੂਤ ਕਾਫ਼ਰਾਂ।
ਛੋਟੀ ਜੇਹੀ ਪੱਗ ਅਤੇ ਦਾੜ੍ਹੀ ਅਨ ਦੜ੍ਹੀ।
ਵਿਚੋਂ ਤਿੱਖੀ ਛੁਰੀ ਉਤੋਂ ਨਿੰਮੂਤਾ ਬੜੀ।

Original with:
Language Department Punjab
Digitized by:
Panjab Digital Library

ਉਤੋਂ ਸਿਖੀ ਵਿਚੋਂ ਮਨਮਤ ਮਾਰੇ ਛਾਲ ਜੀ ॥
ਨਾਭੇ ਵਾਲੇ ... ... ...

(ਤਾਲੀਮ)

ਆਮ ਖਾਸ ਅਜ ਪੁਤਾਂ ਨੂੰ ਪੜ੍ਹਾ ਰਹੇ।
ਐਮ.ਏ. ਬੀ.ਏ. ਹੋਕੇ ਬੜੇ ਔਹਦੇ ਪਾ ਰਹੇ।
ਰਿਪੁਦਮਨਸਿੰਘ ਨੂੰ ਕੀ ਪਈਆਂ ਪੁਟਕੀਆਂ।
ਮਿਡਲ ਫੇਲ ਹੋ ਰਿਹਾ ਬਜੌਂਦਾ ਚੁਟਕੀਆਂ।
ਗੰਦੇ ਨਾਵਲਾਂ ਦੇ ਚਖਦਾ ਸੁਹਾਲ ਜੀ॥
ਨਾਭੇ ਵਾਲੇ ... ... ...

(ਸ਼ਾਦੀ)

ਚਾਲੀ ਬਰਸ ਪਿਛੋਂ ਬਾਪ ਦੀ ਸਲਾਹ ਜੀ।
ਬ੍ਰਹਮ ਚਰਜ ਧਾਰ ਪੁਤ ਕਰੇ ਬਿਆਹ ਜੀ।
ਲਾਇਕ ਪੁਤਹੋਇਆ ਨਹੀ ਪਰਤਿਆਰ ਜੀ।
ਵੱਡੀਭੈਣੋਂ ਪੈਹਲਾਂ ਬਿਆਹਿਆ ਹੋ ਲਚਾਰਜੀ।
ਪਿਉ ਦੀ ਜਾਨ ਹੋਣ ਲਗੀ ਐ ਵਯਾਲ ਜੀ॥
ਨਾਭੇ ਵਾਲੇ ... ... ..

(ਬਾਪ ਸੇ ਦੁਸ਼ਮਨੀ)

ਹੋਗਿਆ ਵਿਆਹ ਫੇਰ ਏਹੀ ਚਾਹੁੰਦਾ।
ਕਦੋਂ ਬਾਪ ਮਰੇ ਰਾਜ ਗੱਦੀ ਪਾਂਵਦਾ॥
ਕਰੇ ਨਾਂ ਪਸੰਦ ਗਲ ਕੋਈ ਬਾਪ ਦੀ।
ਆਖਰ ਨੂੰ ਰਿਹਾਇਸ਼ ਕਰੀ ਜੁਦੀ ਆਪ ਦੀ।
ਮੈਂਬਰੀ ਬਹਾਨੇ ਰਹਿੰਦਾ ਸੀ ਬੰਗਾਲ ਜੀ।
ਨਾਭੇ ਵਾਲੇ ... ... ...

(ਭੈਣ ਕੀ ਸ਼ਾਦੀ)

ਸਕੀ ਭੈਣ ਦੇ ਵਿਆਹ ਵਿਚ ਨਾਂ ਵੜਿਆ।
ਬੁਢੀ ਮਾਂ ਤੇ ਬਾਪਨਾਲਰਹਿੰਦਾਸੀਲੜਿਆ॥
ਪਹੁੰਚਿਆ ਵਲੈਤ ਦੇਸ ਦੇਸ ਭਜਿਆ।
ਲੋਕਾਂ ਦਾ ਰੁਪਿਆ ਖੋਹਕੇ ਨਹੀਂ ਰਜਿਆ॥

Original with:
Language Department Punjab
Digitized by:
Panjab Digital Library

ਰਬ ਨੂੰ ਕੀ ਦਸੂ ਜੇ ਪੁਛੂ ਸਵਾਲ ਜੀ।
ਨਾਭੇ ਵਾਲੇ ... ... ...

(ਬਾਪ ਦੀ ਮੌਤ)

ਹੋ ਗਿਆ ਬੀਮਾਰ ਬਾਪ ਭੇਜੇ ਤਾਰ ਜੀ।
ਮੂੰਹ ਨੂੰ ਦਿਖਾਵੇਂ ਪੁਤਾ ਇਕ ਵਾਰ ਜੀ॥
ਪੁਤ ਵਫ਼ਾਦਾਰ ਰਬੋਂ ਮੌਤ ਮੰਗਦਾ।
ਬਿਨਾਂ ਬਾਪ ਮੋਏ ਨਾਂ ਭੀ ਸ਼ੈਹਰ ਡੰਗਦਾ॥
ਗਰਜ਼ ਐਵੇਂ ਬੁਢੇ ਪਿਊ ਦਾ ਹੋਇਆ ਕਾਲ ਜੀ।
ਨਾਭੇ ਵਾਲੇ ... ... ...

(ਰਾਜ ਗਦੀ)

ਮੋਇਆ ਬਾਪ ਸੁਨਣ ਸਾਰ ਨਾਭੇ ਆਵੰਦਾ।
ਘੜੀ ਭੀ ਨਾਂ ਦੇਰ ਰਾਹ ਦੇ ਵਿਚ ਲਾਵੰਦਾ॥
ਆਪੇ ਤਾਦੀ ਬੈਠ ਗਿਆ ਭੁਖਾ ਗਜਦਾ।
ਸਦਿਆ ਨਾਂ ਲਾਟ ਸਾਹਿਬ ਮਿਤ ਤਾਜ ਦਾ॥
ਗਰੰਥ ਖੁਲ੍ਹਵਾਕੇ ਹੋ ਗਿਆ ਨਿਹਾਲ ਜੀ।
ਨਾਭੇ ਵਾਲੇ ... ... ...

(ਸੋਗ)

ਲੋਕਾਚਾਰੀ ਬਾਪ ਦਾ ਮਨਾਇਆ ਸੋਗ ਜੀ।
ਜਿਊਂਦੇ ਪਿਊ ਦਾ ਪੁਛਿਆ ਨਾਂ ਕਦੇ ਰੋਗ ਜੀ॥
ਕਾਲੀ ਪਗ ਪੈਹਨੀ ਤੇ ਲੋਕਾਂ ਪੈਹਨਾਈ ਜੀ।
ਬਰਸ ਦਿਨਾਂ ਤਕ ਨਾਂ ਰਿਆਇਆ ਲਾਹੀ ਜੀ॥
ਭਗਤ ਰਾਮ ਐਮ. ਏ. ਤਾਂ ਦਿਤਾ ਨਕਾਲ ਜੀ।
ਨਾਭੇ ਵਾਲੇ ... ... ...

(ਬੰਗਾਲੀ ਵਜ਼ੀਰ)

ਪਰਤੋਲ ਚੰਦ ਬੰਗਾਲੀ ਵਜ਼ੀਰ ਜੀ।
ਮੰਗਵਾਕੇ ਰਖਿਆ ਬੰਧਾਈ ਧੀਰ ਜੀ॥
ਦਰਬਾਰ ਲਾਕੇ ਇਹ ਦਿਤੀ ਸਪੀਚ ਜੀ।
ਕਰੂ ਨਿਆਉਂ ਖੂਬ ਨਹੀਂ ਊਚ ਨੀਚ ਜੀ॥

Original with:
Language Department Punjab
Digitized by:
Panjab Digital Library

DEPARTMENT OF LANGUAGES
BOOK 16370
PUNJAB PATIALA.

ਹਾਈ ਕੋਰਟ "ਮਲਕ" ਨੂੰ ਦਿਤਾ ਸੰਭਾਲ ਜੀ॥ ਨਾਭੇ ਵਾਲੇ ... ...

ਸ਼ੌਕ ਸ਼ਕਾਰ:—

ਫਿਰਿਆ ਢੰਡੋਰਾ ਨਹੀਂ ਸੂਰ ਮਾਰਨਾਂ। ਰਾਜੇ ਦੇ ਸ਼ਕਾਰਾਂ ਨੂੰ ਨਹੀਂ ਵਿਗਾੜਨਾ॥
ਪਹੁੰਚੇ ਫ਼ਰਿਆਦੀ ਜਦ ਵਜ਼ੀਰ ਪਾਸ ਜੀ।ਸੂਰਾਂ ਨੇ ਖੇਤਾਂ ਦਾ ਕਰ ਦਿਤਾ ਨਾਸ ਜੀ॥
ਕਰੋ ਇੰਤਜ਼ਾਮ ਨਹੀਂ ਦੇਣਾ ਟਾਲ ਜੀ। ਨਾਭੇ ਵਾਲੇ ... ... ...
ਰਾਜੇ ਨੂੰ ਵਜ਼ੀਰ ਨੇ ਦਿਤਾ ਸੁਣਾਏ ਜੀ। ਸੂਰਾਂ ਨੂੰ ਹਟੌਣ ਦਾ ਕਰੋ ਉਪਾਏ ਜੀ॥
ਜੇ ਨਾਂ ਮੰਨੋਂ ਗਲ ਦਿਊਂ ਔਹਦਾ ਛਡ ਜੀ। ਚਾਹੇ ਸੂਰ ਪਾਲ ਚਾਹੇ ਮੈਨੂੰ ਕਢ ਜੀ॥
ਜ਼ਰਾ ਭੀ ਵਜ਼ੀਰ ਦਾ ਨਾਂ ਕਰਿਆ ਖਿਆਲ ਜੀ। ਨਾਭੇ ਵਾਲੇ... ...

ਵਜ਼ੀਰ ਦਾ ਹਟੌਣਾ:—

ਸੂਰ ਚੰਗੇ ਰਈਅਤ ਵਜ਼ੀਰ ਦੋਹਾਂ ਤੇ। ਗਿਣੇ ਨਾਂ ਉਜਾੜ ਖੇਤੀਆਂ ਦੇ ਖੋਹਾਂ ਤੇ॥
ਅਕਲਮੰਦ ਗਿਆ ਤਾਂ ਵਜ਼ੀਰ ਨਸ ਜੀ। ਕਿਹਾ ਲੋਕੋ ਮੇਰੇ ਨਹੀਂ ਕੁਛ ਬਸ ਜੀ॥
ਬਾਝ ਰਬ ਦੇ ਨਾਂ ਤੁਹਾਡਾ ਰਖਵਾਲ ਜੀ। ਨਾਭੇ ਵਾਲੇ ... ... ...

ਸ਼ਹਰ ਦਾ ਇੰਤਜ਼ਾਮ:—

ਸ਼ਹਿਰ ਦਾ ਪਾਣੀ ਸ਼ਹਿਰ ਵਿਚ ਰਮਦਾ। ਮੱਛਰਾਂ ਤੇ ਨਿਤ ਨਵਾਂ ਰੋਗ ਜੰਮਦਾ॥
ਕਾਲਜ ਸਕੂਲ ਕੋਈ ਨਹੀਂ ਖੋਲ੍ਹਿਆ। ਰਨਾਂ ਛੋਹਰ ਛੱਡਿਆ ਤੇ ਰਾਜਾ ਡੋਲਿਆ॥
ਕਰੀ ਨਾਂ ਤਰੱਕੀ ਜ਼ਰਾ ਹਸਪਤਾਲ ਜੀ। ਨਾਭੇ ਵਾਲੇ ... ... ...

ਬੀਰ ਸਿੰਘ ਫੋਟੋ ਗਰਾਫ਼ਰ:—

ਬੀਰ ਸਿੰਘ ਰਖਿਆ ਫੋਟੋ ਗਰਾਫ਼ ਜੀ। ਰਾਣੀਆਂ ਦੇ ਵਿਚ ਰਹੇ ਬਣਿਆ ਸਾਫ ਜੀ॥
ਤੀਮੀਆਂ ਨੂੰ ਭੇਜੇ ਚੋਰੀ ਰਾਜੇ ਪਾਸ ਜੀ। ਇੱਜ਼ਤਾਂ ਦਾ ਜੀਹਨੇ ਕੀਤਾ ਖ਼ੂਬ ਨਾਸ ਜੀ॥
ਫਤਹ ਸਿੰਘ ਨਫ਼ਰ ਥੀਂ ਗੁਰੂ ਘੰਟਾਲ ਜੀ। ਨਾਭੇ ਵਾਲੇ..........

ਇੰਤਜ਼ਾਮ ਰਿਆਸਤ:—

ਐਹਲਕਾਰਾਂ ਨੂੰ ਮਸ਼ੀਰਲਿਖਣ ਤੋਂ ਸਿਵਾ।ਇੰਤਜ਼ਾਮ ਦੀ ਨਾਂ ਕੀਤੀ ਹੋਰ ਕੁਛ ਦਵਾ।
ਚਾਰ ਮਹੀਨੇ ਨਾਭੇ ਅਠ ਡੇਹਰਾ ਦੂਨ ਜੀ। ਭੈੜੇ ਕੰਮਾਂ ਵਿਚ ਕਟਦਾ ਸੀ ਜੂਨ ਜੀ॥
ਚਕ ਦਬ ਦੀ ਫ਼ਜ਼ੂਲ ਬਜੇ ਤਾਲ ਜੀ। ਨਾਭੇ ਵਾਲੇ..........

ਝੂਠੇ ਮੁਕੱਦਮਿਆਂ ਦਾ ਸ਼ੌਕ:—

ਜ਼ਮਾਨੇ ਨੇ ਤਰੱਕੀ ਕੀਤੀ ਬੜੀ ਬੜੀ। ਰੇਲ, ਤਾਰ, ਸਨਿੰਮਾ ਕਿਤੇ ਜੇਬ ਦੀ ਘੜੀ॥
ਸਾਡੇ ਰਾਜੇ ਨੂੰ ਹੈ ਪਰ ਪਿਆ ਹੋਰ ਜੀ। ਝੂਠਿਆਂ ਮੁਕੱਦਮਿਆਂ ਕਹੇ ਵੰਸਮੋਰ ਜੀ॥
ਅਦਾਲਤ ਬਨਾਈ ਜਿਵੇਂ ਥੀਏਟਰ ਹਾਲ ਜੀ। ਨਾਭੇ ਵਾਲੇ..........

ਝੂਠੇ ਮੁਕੱਦਮਿਆਂ ਦਾ ਮੁਢ:—

ਡਾਇਰੀਆਂ ਲਿਖਾਕੇ ਪੁਲੀਸ ਆਪ ਪਾਂਵਦੀ।ਬਨਾਵਟੀ ਗਵਾਹ ਅਤੇ ਮੁਕਬਰ ਬਣਾਂਵਦੀ
ਮਾਲਦਾਰ ਜਾਣਕੇ ਲੋਕੀ ਫਸਾਂਵਦੇ। ਰਾਜੇ ਦਾ ਇਸ਼ਾਰਾ ਕਹਿ ਸਜ਼ਾ ਕਰਾਂਵਦੇ॥
ਟਪਕਦੀ ਇਨਾਮ ਲਈ ਮੂੰਹੋਂ ਲਾਲ ਜੀ॥ ਨਾਭੇ ਵਾਲੇ..........

Original with:
Language Department Punjab
Digitized by:
Panjab Digital Library

ਮੁਕੱਦਮਾ ਕਤਲ ਜੰਗ ਸਿੰਘ:—

ਪੈਹਲਾਂ ਕਾਕਾ ਸ਼ਿਵਦੇਵ ਸਿੰਘ ਫਾਹ ਲਿਆ.ਜੰਗਸਿੰਘ ਦਾ ਮੁਕੱਦਮਾ ਬਣਾਲਿਆ ॥
ਬੀ.ਚੀ.ਨਾਰਦਨ ਜਿਹੇ ਸੱਦੇ ਵਕੀਲ ਜੀ। ਲੋਭ ਤੇ ਕਰਾਈ ਕਤਲ ਦੀ ਤਮੀਲ ਜੀ॥
ਝੂਠੀਆਂ ਸ਼ਹਾਦਤਾਂ ਦਾ ਰਚਿਆ ਜਾਲ ਜੀ ॥ ਨਾਭੇ ਵਾਲੇ..........

ਮੁਕੱਦਮਾ ਮਲਕ ਸਾਹਿਬ:—

ਮਲਕਸਾਹਿਬ ਨੇ ਨਾਂ ਮੰਨੀ ਜਦੋਂ ਗੱਲਜੀ।ਜੇਲ੍ਹ ਖਾਨੇ ਵਿਚ ਓਹ ਭੀ ਦਿਤੇਘਲਜੀ॥
ਬਿਨਾਂ ਗਵਰਨਮੈਂਟ ਨਾਂ ਕੀਤੀ ਰਿਹਾਈ ਜੀ।ਕੈਦ ਪੰਜ ਸਾਲ ਨਾਹਕੀ ਕਟਾਈਜੀ॥
ਰਖਿਆ ਸਬਰ ਮਲਕ ਨੇ ਕਮਾਲ ਜੀ । ਨਾਭੇ ਵਾਲੇ..........

ਮੁਕਦਾ ਫੂਲ ਤੋੜਨਾਂ:—

ਫੂਲਖਾਨ ਦਾਨ ਦਾ ਗਵਾਇਆ ਮੁਲ ਜੀ।ਬਾਹਮਣ ਫੜਾਇਆ ਲਈ ਚਾਰਫੁਲਜੀ॥
ਮੋਟਰ ਚੜ੍ਹਕੇ ਕਰਿਆ ਗ੍ਰਿਫਤਾਰ ਜੀ । ਪੁਲੀਸ ਨੂੰ ਸੰਭਾਲ ਬਣਿਆ ਹੁਸ਼ਿਆਰਜੀ॥
ਪੰਡਿਤ ਦਾ ਨਾਮ ਕਹਿਣ "ਪ੍ਰਭੁਦਿਆਲ" ਜੀ । ਨਾਭੇ ਵਾਲੇ..........

ਭੈਣ ਸੇ ਧੋਖਾ:—

ਹੋਰਾਂ ਦੀ ਕੀ ਗੱਲ ਭੈਣ ਵੱਡੀ ਸੱਕੀ ਜੋ ਵਿਧਵਾ ਵਿਚਾਰੀ ਲੁਟ ਲੀਤੀ ਦਿਤੀ ਖੋਹ॥
ਦੋਹਾਂ ਧਿਰਾਂ ਖੋਈਆਂ ਭਾੜੇ ਤੇ ਬਸਾਈ ਜੀ।ਦੇਹਰਾ ਦੂਨ ਵਿਚ ਰੰਨ ਦੀ ਦੁਹਾਈ ਜੀ॥
ਐਸ ਤੋਂ ਵਧੇਰੇ ਕੀ ਕਮੀਨੀ ਚਾਲ ਜੀ । ਨਾਭੇ ਵਾਲੇ..........

ਸੁਸਰਾਲ ਪਰ ਮੇਹਰ:—

ਸੋਸ਼ਲ ਕਾਨਫ੍ਰੰਸ ਦਾ ਹੋਕੇ ਪ੍ਰਧਾਨ ਜੀ।ਦੂਜਾ ਵਿਵਾਹ ਕਰਾਇਆ ਆਪਦਸੇ ਹਾਨਜੀ॥
ਪੈਹਲੇਲਾਇਕਸੌਹਰੇਦਾਕੋਠੀਤੇਬਾਗ਼ਜੀ।ਜ਼ਬਤਕਰਕੇਲਾਇਆਆਪਣੀਕੁਲਨੂੰਦਾਗ਼ਜੀ
ਅੰਗਰੇਜ਼ ਦਾਗ ਧੋ ਕੀਤਾ ਬਹਾਲ ਜੀ । ਨਾਭੇ ਵਾਲੇ..........

ਮੁਕੱਦਮਾ ਈਸ਼ਰ ਕੌਰ:—

ਈਸ਼ਰੋ ਥੀ ਇਕ ਸਾਧ ਦੀ ਕੁੜੀ । ਉਹਦੇ ਉਤੇ ਰਾਜੇ ਦੀ ਨਜ਼ਰ ਉਪੜੀ ॥
ਐਸ ਲਈ ਸੰਤ ਸਿੰਘ ਜੇਹੇ ਫਸਾਂਵਦਾ । ਬੈਠਾ ਝਖ ਮਾਰ ਨਹੀਂ ਰਾਹ ਪਾਂਵਦਾ ॥
ਫੀਰੋਜ਼ਪੁਰ ਨੱਠ ਬਚੀ ਬਾਲ ਬਾਲ ਜੀ । ਨਾਭੇ ਵਾਲੇ..........
ਘੁਮਦੀ ਘਮੌਂਦੀ ਪਟਿਆਲੇ ਆ ਗਈ । ਉਥੋਂ ਗੁੰਡੇ ਭੇਜ ਆਪ ਚੁਕਵਾ ਲਈ ॥
ਰਾਜੇ ਗਏ ਪਿਛੋਂ ਓਹਨੂੰ ਦੁਖੀ ਜਾਣਕੇ । ਕਢੀ ਅੰਗਰੇਜ਼ ਨੇ ਕਿਲਿਓਂ ਪਛਾਣਕੇ ॥
ਫਿਰਦੀ ਅਜ਼ਾਦ ਹੁਣ ਠੁਮਕ ਚਾਲ ਜੀ ॥ ਨਾਭੇ ਵਾਲੇ..........
ਜਦੋਂ ਤਾਈਂ ਕਾਕੋ ਨਾਂਇਹਹੱਥ ਆਈ ਥੀ।ਮਾਪਿਆਂ ਤੇ ਭਾਰੀ ਕਸ਼ਟਨੀਤਾਂਛਾਈ ਥੀ॥
ਬੁੱਢੀ ਮਾਂ ਤੇ ਭਾਈਆਂ ਦਾ ਬਣਾਇਆ ਨਾਸਜੀ।ਪੰਜ ਸਾਲ ਕੈਦ ਰਖੇ ਕਾਰਖਾਸ ਜੀ॥
ਛਡੇ ਅੰਗਰੇਜ਼ ਨੇ ਹੋਕੇ ਦਿਆਲ ਜੀ । ਨਾਭੇ ਵਾਲੇ..........

ਮੁਕੱਦਮਾ ਤਿਪਰਚੰਦ:—

ਤਿਪਰਚੰਦ ਦੇ ਸਨ ਜੋ ਵੈਰੀ ਕਹਾਂਵਦੇ । ਭੌਂਦੂ ਰਾਜੇ ਦੇ ਚਿਤ ਭਰਮ ਪਾਂਵਦੇ ॥

Original with:
Language Department Punjab
Digitized by:
Panjab Digital Library

ਆਪਣੇ ਪਰੋਹਤ ਬਾਂਕਾਰਾਮ ਪਾਸ ਤੇ। ਮੰਤਰ ਜਪਾਵੇ ਤੇਰੇ ਬਸ ਵਾਸਤੇ ॥
ਪਾਪੀਆਂ ਦਾ ਜਾਣਦਾ ਮਕਰ ਜਾਲ ਜੀ। ਨਾਭੇ ਵਾਲੇ...........

ਕਾਨੂਨ ਜੰਤਰ ਮੰਤਰ:—

ਦੋਹਾਂ ਬੇਗੁਨਾਹਾਂ ਦੇ ਕਰਨ ਖੂਨ ਨੂੰ। ਤੁਰਤ ਘੜਿਆ ਜਾਦੂ ਟੂਣੇ ਦੇ ਕਾਨੂਨ ਨੂੰ ॥
ਦਸ ਹਜ਼ਾਰ ਡੰਡ ਤਿਪਰ ਚੰਦ ਤੋਂ ਭਰਿਆ। ਪੰਡਿਤ ਦਾ ਘਰ ਬਾਰ ਜ਼ਬਤ ਸਭ ਕਰਿਆ॥
ਪਚੀ ਸੌ ਦੇ ਡੰਡ ਤੋਂ ਭਰਾਇਆ ਥਾਲ ਜੀ। ਨਾਭੇ ਵਾਲੇ...........
ਘਰ ਬਾਰ ਖੋਹਕੇ ਡੰਡ ਸਾਕਾਂ ਤੇ ਲਿਆ। ਪਾਪੀ ਰਾਜੇ ਦਾਨ ਚਿਤ ਅਜੇ ਭਰਿਆ॥
ਪਚੀ ਸੌ ਦੀ ਨਕਦ ਜ਼ਮਾਨਤ ਲਈ। ਪੰਡਿਤ ਨੂੰ ਜਨਮ ਭੂਮੀ ਛਡਣੀ ਪਈ ॥
ਚੰਗਾ ਰਾਜਾ ਸਿਖ ਤੇ ਗੁਰੂ ਦਾ ਲਾਲ ਜੀ। ਨਾਭੇ ਵਾਲੇ...........
ਨਾਭੇ ਤੇ ਬਾਹਰ ਕੀ ਨਾਂ ਜਾਦੂ ਚਲਦਾ। ਪੁਛੇ ਨਾਂ ਜਵਾਬ ਕੋਈ ਇਸ ਗਲ ਦਾ ॥
ਜਾਦੂਆਂ ਤੋਂ ਤੇਜ਼ ਦੁਖੀਆਂ ਦੀ ਆਹ ਹੈ। ਇਸ ਤੋਂ ਬਚਣ ਦਾ ਨਾਂ ਕੋਈ ਰਾਹ ਹੈ ॥
ਦੁਖੀਆਂ ਦੀ ਆਹ ਨੇ ਰਾਜੋਂ ਦਿਤਾ ਗਾਲ ਜੀ। ਨਾਭੇ ਵਾਲੇ...........

ਖਾਲਸੇ ਪਰ ਸਵਾਲ:—

ਨਾਲੇ ਮੰਤਰਾਂ ਦੇ ਨਹੀਂ ਕਾਇਲ ਖਾਲਸਾ। ਬ੍ਰੈਹਮ ਆਖ ਨਿੰਦ ਦੇ ਨਾਂ ਭਰੇ ਲਾਲਸਾ ॥
ਕਿੰਨੀ ਸ਼ਰਮ ਪੰਥ ਦਾ ਕਹਾਕੇ ਨੱਕ ਜੀ। ਵੈਹਮ ਪਿਛੇ ਪਿਆ ਬਨ੍ਹਕੇ ਤੇ ਲੱਕ ਜੀ ॥
ਗਲੀ ਕਿਉਂ ਨਾਂ ਏਥੇ ਬਾਈਕਾਟ ਦਾਲ ਜੀ। ਨਾਭੇ ਵਾਲੇ...........

ਮੁਕੱਦਮਾ ਰਾਮ ਸਿੰਘ:—

ਰਾਮ ਸਿੰਘ ਮੋਟਰਕਾਰ ਦਾ ਡਰਾਈਵਰ। ਛੁਟੀ ਦੇਕੇ ਆਪ ਭੇਜ ਦਿਤਾ ਉਹਨੂੰ ਘਰ
ਬੰਦ ਹੁਕਮ ਹੱਥ ਉਹਦੇ ਜੇਲ੍ਹ ਦਾ ਦਿਤਾ। ਆਉਂਦਾ ਹੀ ਘਰੋਂ ਫੜ ਪੁਲੀਸ ਨੇ ਲਿਤਾ
ਦਗ਼ਾ ਬਾਜ਼ੀ ਦੀ ਨਾਂ ਘਟ ਇਹ ਮਸਾਲ ਜੀ। ਨਾਭੇ ਵਾਲੇ...........

ਸਾਰਜੰਟ ਰੰਗਾ ਰਾਮ:—

ਰੰਗਾ ਰਾਮ ਸਾਰਜੰਟ ਤੋਂ ਪੰਛੀ ਮਰਿਆ। ਜਾਨਵਰ ਦੇ ਕਤਲ ਵਿਚ ਮੁਕੱਦਮੇ ਧਰਿਆ
ਕੈਦ ਸਰਵਸ ਹੈਸ਼ ਕਰੀ ਦੂਰ ਜੀ। ਵੇਖੋ ਤੁਸੀਂ ਓਹਦੀ ਅਕਲ ਦੇ ਫ਼ਤੂਰ ਜੀ ॥
ਕਾਨੂੰਨ ਨੂੰ ਬਣਾਇਆ ਜਿਵੇਂ ਫੁਟਬਾਲ ਜੀ। ਨਾਭੇ ਵਾਲੇ...........

ਦੀਨਦਿਆਲ ਸਿੰਘ:—

ਮੁਰਗਾਬੀ ਲਈ ਰੰਗਾ ਰਾਮ ਸੜ੍ਹਿਆ। ਬੰਦੇ ਲਈ ਕਿਉਂ ਨਾਂ ਦੀਨ ਦਿਆਲ ਬੰਨ੍ਹਿਆ
ਜੀਹਨੇ ਮਾਰ ਬੰਦਾ ਲੀਕ ਪਰਸਟਾਯਾ ਥਾ। ਖੂਨੀ ਕਿਸ ਤਰ੍ਹਾਂ ਜ਼ਮਾਨਤ ਪਰ ਛਡਾਯਾ ਥਾ॥
ਗੁੰਡ ਪਾਰਟੀ ਦਾ ਮਿੱਤ ਦੀਨ ਦਿਆਲ ਜੀ। ਨਾਭੇ ਵਾਲੇ...........

ਬਖਸ਼ੀਸ਼ ਸਿੰਘ:—

ਨੈਵੇਂ ਪੁਤ੍ਰਾਂ ਸਮੇਤ ਬਖਸ਼ੀ ਜੀ ਜੋ ਬੜੇ। ਕੋਠੀ ਆਏ ਮਿਲਣ ਨਾਲ ਦਗੇ ਦੇ ਫੜੇ ॥
ਡਾਕਟਰ ਅਬਦੁਲ ਲਤੀਫ ਭੀ ਫਸਾ ਲਏ। ਸ਼ਰਮਨਾਕ ਜੁਰਮ ਇਨ੍ਹਾਂ ਪਰ ਜਮਾ ਲਏ
ਹਕੀਮ ਦਿਲਬਰ ਹਸਨ ਭੀ ਫੰਸਾਏ ਨਾਲ ਜੀ। ਨਾਭੇ ਵਾਲੇ...........

Original with:
Language Department Punjab
Digitized by:
Panjab Digital Library

ਝੂਠੇ ਮੁਕੱਦਮੋਂ ਸੇ ਹੌਸਲਾ ਬੜ੍ਹਨਾ:—

ਸਿਰ ਚੜ੍ਹ ਗਿਆ ਐਹਲਕਾਰ ਫੜਨ ਤੋਂ।ਡਰ ਚੁਕ ਗਿਆ ਵਡਿਆਂ ਨਾਲ ਅੜਨ ਤੋਂ।
ਹੋਰਾਂ ਸਭ ਰਾਜਿਆਂ ਨੂੰ ਤੁਛ ਜਾਣਦਾ।ਵਾਇਸਰਾਏ ਲਾਟ ਨੂੰ ਭੀ ਨਾਂ ਪਛਾਣਦਾ॥
ਰੱਖੀ ਓਹਨੇ ਇਕ ਚੌਂਕੜੀ ਚੰਡਾਲ ਜੀ। ਨਾਭੇ ਵਾਲੇ..........

ਚੰਡਾਲ ਚੌਂਕੜੀ ਕਾ ਕਾਮ:—

ਜਿਤਨੇ ਮੁਕੱਦਮੇਂ ਰਾਜੇ ਚਲਾਏ ਜੀ।ਇਨ੍ਹਾਂ ਦੇ ਹੀ ਬਿਆਨ ਸਾਰਿਆਂ ਚ' ਆਏ ਜੀ॥
ਝੂਠੀਆਂ ਸ਼ਹਾਦਤਾਂ ਏਹ ਦੇਣ ਗੱਜਕੇ। ਲੋਕਾਂ ਨੂੰ ਡਰਾਕੇ ਬਾਛੀ ਲੈਣ ਰੱਜਕੇ॥
ਸਾਹਮਣੇ ਦੀ ਰਹੀ ਨਾਂ ਕਿਸੇ ਮਜਾਲ ਜੀ। ਨਾਭੇ ਵਾਲੇ..........

ਪਟਿਆਲਾ ਪੁਰ ਪੈਹਲ:—

ਨਾਸ਼ ਹੋਣ ਵਾਸਤੇ ਜਿਵੇਂ ਪਤੰਗ ਜੀ। ਦੀਵੇ ਨੂੰ ਬੁਝੌਣ ਦੀ ਕਰਦੇ ਉਮੰਗ ਜੀ।
ਐਵੇਂ ਏਹਨਾਂ ਪਾਪੀਆਂ ਨੇ ਕਰੀ ਛੇੜ ਜੀ। ਪਟਿਆਲੇ ਨਾਲ ਜੋ ਬਬਰ ਸ਼ੇਰ ਜੀ॥
ਜਿਨ੍ਹੇ ਇਕ ਪੰਜੇ ਤੋਂ ਕੀਤੇ ਨਿਢਾਲ ਜੀ। ਨਾਭੇ ਵਾਲੇ..........

ਲਾਹੌਰ ਕੇ ਜੌਹਰੀ ਸੇ ਦਗਾ:—

ਬਣਕੇ ਭਦੌਣ ਦੇ ਐਹਲਕਾਰ ਜੀ। ਲੁਟੇ ਜੌਹਰੀ ਲਾਹੌਰ ਦੇ ਬਾਜ਼ਾਰ ਜੀ॥
ਇਨ੍ਹਾਂ ਵਿਚ ਸ਼ਾਮਲ ਥਾ ਬੀਰ ਸਿੰਘ ਭੀ। ਰਾਜੇ ਦਾ ਫੋਟੋ ਗਰਾਫ਼ ਬੜਾ ਕੌਤਕੀ॥
ਪੋਲੀਸ ਲਗੀ ਖੋਜਨੇ ਕੀਤਾ ਕਮਾਲ ਜੀ। ਨਾਭੇ ਵਾਲੇ..........

ਪਟਿਆਲਾ ਥਾਨੇਦਾਰ ਦੀ ਪਕੜ:—

ਪਟਿਆਲੇ ਦਾ ਸ਼ਰੀਫ ਥਾਨੇਦਾਰ ਜੀ। ਅਬਦੁਲ ਅਜ਼ੀਜ਼ ਲਗਿਆ ਹੁਸ਼ਿਆਰ ਜੀ॥
ਤਫ਼ਤੀਸ਼ ਲਈ ਜਦੋਂ ਨਾਭੇ ਆਂਵਦਾ।ਪੁਲੀਸ ਜਥਾ ਨਾਭੇ ਦਾ ਉਸਨੂੰ ਫਸਾਉਂਦਾ॥
ਜਬਰ ਜਨਾਹ ਦਾ ਰਚਿਆ ਝੂਠ ਜਾਲ ਜੀ। ਨਾਭੇ ਵਾਲੇ..........

ਇਸਕਾ ਕਾਰਨ:—

ਗਲ ਥੀ ਇਹ ਬੀਰ ਸਿੰਘ ਨੇ ਡਾਕਾ ਮਾਰਕੇ ਰਾਜੇ ਪਾਸ ਧਰਿਆ ਮਾਲ ਨੂੰ ਵਿਚਾਰਕੇ॥
ਰਾਜੇ ਨੇ ਬਚੌਣ ਲਈ ਯਾਰ ਨੂੰ ਧੰਦੇ। ਪੁਲੀਸ ਤੇ ਕਰਾਏ ਸਾਰੇ ਕਪਟ ਦੇ ਫੰਦੇ॥
ਰਾਜਾ ਹੋਕੇ ਖੋਟਿਆਂ ਨਾਲ ਗਲ ਪਾਲ ਜੀ। ਨਾਭੇ ਵਾਲੇ..........
ਘਰ ਦੇ ਐਹਲਕਾਰ ਨਾਂ ਸੀ ਮੂੰਹੋਂ ਬੋਲਦੇ।ਜ਼ਾਲਮਾਂ ਦੇ ਘਾਵਾਂ ਨੂੰ ਨਾਂ ਥੇ ਫਰੋਲਦੇ॥
ਰਈਅਤ ਵਿਚਾਰੀ ਦੀ ਤਾਂ ਗਲ ਸੀ ਕੇਹੜੀ। ਜਿਹਨੂੰ ਚਾਹੇ ਛਡਣ ਚਾਹੇ ਪਾਉਂਦੇ ਬੇੜੀ॥
ਹੁਣ ਵਾਹ ਪੈ ਗਿਆ ਪਟਿਆਲੇ ਨਾਲ ਜੀ। ਨਾਭੇ ਵਾਲੇ..........

ਪਟਿਆਲਾ ਨਾਭਾ ਕੀ ਖਿੱਚ:—

ਐਸ ਥਾਨੇਦਾਰ ਲਈ ਬੜੀ ਖਿੱਚ ਜੀ।ਵਧ ਗਈ ਭਾਰੀ ਦੋਹਾਂ ਰਾਜਿਆਂ ਦੇ ਵਿਚ ਜੀ॥
ਇਕ ਕੈਹਣ ਥਾਣੇਦਾਰ ਬੇਕਸੂਰ ਹੈ। ਦੂਜੇ ਕੈਹਣ ਜੁਰਮ ਇਸ ਕੀਤਾ ਜ਼ਰੂਰ ਹੈ ਜੀ॥
ਪ੍ਰਗਟ ਕਰਨ ਆਪੋ ਆਪ ਵੀਚਾਰ ਜੀ। ਨਾਭੇ ਵਾਲੇ ਰਾਜੇ ਦਾ ਸੁਣੋ ਨਤਾਰ ਜੀ॥

Original with:
Language Department Punjab
Digitized by:
Panjab Digital Library

ਦੋਹਾਂ ਰਾਜਿਆਂ ਦੀ ਸ਼ਕਾਇਤਃ—

ਆਖਰ ਦੋਹਾਂ ਰਾਜਿਆਂ ਕਰੀ ਸ਼ਕਾਇਤ ਜੀ।ਗਵਰਮੈਂਟ ਪਾਸ ਜੋ ਮਾਲਕਵਲੈਤ ਜੀ॥
ਫੈਸਲੇ ਦਾ ਅਖਤਿਆਰ ਸਰਕਾਰ ਨੂੰ। ਦੋਹਾਂ ਨੇ ਕੀਤਾ ਕਬੂਲ ਭਾਗਾਂ ਸਾਰ ਨੂੰ॥
ਇਤਰਾਜ਼ ਨਹੀਂ ਕੋਈ ਜਿਤ ਹਾਰ ਜੀ॥ ਨਾਭੇ ਵਾਲੇ.........

ਅੰਬਾਲੇ ਵਿਚ ਮੁਕੱਦਮਾ:—

ਦੋਹਾਂ ਦੀ ਸ਼ਕੈਤ ਗਵਰਨਮੈਂਟ ਨੇ ਸੁਣੀ।ਛਾਵਣੀ ਅੰਬਾਲਾਨਿਆਓਂ ਕਰਨਨੂੰਚੁਣੀ॥
ਜੱਜ ਸਤ ਵਰਤ ਫੈਸਲੇ ਨੂੰ ਮਲਿਆ। ਪਾਪੀ ਜਥਾ ਜੀਹਨੇ ਕਲਮ ਨਾਲ ਥਮਿਆ॥
ਮੌਕਾ ਦੇਖ ਜੀਹਨੇ ਕਢ ਲੀਤਾ ਸਾਰ ਜੀ॥ ਨਾਭੇ ਵਾਲੇ..........

ਸਰ ਅਲੀ ਅਮਾਮਃ—

ਦੋਹਾਂ ਰਾਜਿਆਂ ਦੇ ਕੈਂਪ ਲਗੇ ਛਾਵਣੀ। ਤੈਹਕੀਕਾਤ ਤੋਂ ਹੋਈ ਦਸ਼ਾ ਡਰਾਵਣੀ॥
ਸਰਅਲੀਅਮਾਮ ਜੇਹੇ ਆਏ ਵਕੀਲ ਜੀ। ਦੋ ਹਜ਼ਾਰ ਰੋਜ਼ ਨੂੰ ਦਿੰਦੇ ਦਲੀਲ ਜੀ॥
ਖਾਤਰਾਂ ਗਵਾਹਾਂ ਦਾ ਨਾਂ ਕੋਈ ਘਰ ਜੀ॥ ਨਾਭੇ ਵਾਲੇ..........
ਲਖ ਕਖ ਦਾ ਨਾਂ ਰਿਹਾ ਕੁਛ ਹਿਸਾਬ ਜੀ। ਬਰਬਾਦ ਧਨ ਤੇ ਦੌਲਤ ਖਰਾਬ ਜੀ॥
ਦਸ ਹਜ਼ਾਰ ਤਾਈ ਨੌਕਰੀ ਬਧਾਈ ਥੀ। ਨਾਭੇ ਨੇ ਵਜ਼ੀਰ ਭੀ ਗੋਗੜ ਫੁਲਾਈ ਸੀ॥
ਮਾਇਆ ਮੁਖਰਖੀ ਭੁਲਿਆ ਕਰਤਾਰ ਜੀ। ਨਾਭੇ ਵਾਲੇ..........

ਪ੍ਰਬੰਧਕ ਕਮੇਟੀ ਦਾ ਸੁਲਾਹ ਲਈ ਯਤਨਃ—

ਪ੍ਰਬੰਧਕ ਕਮੇਟੀ ਓਦੋਂ ਜਾਣਕੇ ਫਰਜ਼ ਦੋਹਾਂ ਰਾਜਿਆਂ ਪਾਸ ਆਕੇਕੀਤੀ ਇਹ ਅਰਜ਼॥
ਆਖਿਆ ਸੁਲਾਹ ਕਰੋ ਵਾਹਿਗੁਰੂ ਵਾਸਤੇ।ਅਮਰਤ ਛਕਕੇ ਕਰੋ ਨਾਂ ਛਟਾਂਦੇਨਾਸ਼ਤੇ॥
ਪਟਿਆਲਾ ਪਤੀ ਮੰਨੇਂ ਝਟ ਹੋ ਉਦਾਰ ਜੀ। ਨਾਭੇ ਵਾਲੇ..........
ਨਾਭੇ ਵਾਲੇ ਤਾਂ ਦਿਤਾ ਇਹ ਜਵਾਬ ਜੀ। ਦਸੂ ਫੇਰ ਤੁਸਾਂ ਨੂੰ ਨਹੀਂ ਸ਼ਤਾਬ ਜੀ॥
ਮੈਂਬਰ ਕਮੇਟੀ ਟੁਰੇ ਹੋ ਨਰਾਸ ਜੀ। ਹੌਸਲਾ ਨਾ ਰਿਹਾ ਚੁਕੀ ਸੁਲਾਹ ਆਸ ਜੀ॥
ਮਿਟੇ ਨਹੀਂ ਕਦੇ ਜੇਹੜੀ ਹੋਣ ਹਾਰ ਜੀ। ਨਾਭੇ ਵਾਲੇ.........

ਰਫ਼ੀਕਃ—

ਬਖਸ਼ੀ ਜੋ ਦੇ ਪੁਤ ਨੂੰ ਭੀਹੋਇਆ ਹੌਂਸਲਾਕਰਾ ਜਤਨ ਸੁਲਾਹ ਲਈਮੰਨੇਜੇਭਲਾ॥
ਨਾਭੇ ਵਾਲੇ ਨੂੰ ਮਨਾ ਪਟਿਆਲੇ ਜਾਂਵਦਾ। ਬੇਨਤੀ ਤੋਂ ਮਹਾਰਾਜੇ ਨੂੰ ਮਨਾਂਵਦਾ॥
ਜਾਣ ਲਈ ਕੋਟਲੇ ਕੀਤੇ ਤਿਆਰ ਜੀ। ਨਾਭੇ ਵਾਲੇ..........
ਕੋਟਲੇ ਨਵਾਬ ਨੇ ਭਾਰੀਤਿਆਰੀਆਂ।ਰਾਜਿਆਂਦੀਜ਼ਿਆਫਤ ਲਈ ਕੀਤੀ ਸਾਰੀਆਂ॥
ਪਰ ਨਾਭੇ ਵਾਲੇ ਨੇ ਕਹਿਆ ਜ਼ੁਲਮ। ਵਕਤ ਪਰ ਜਵਾਬਦਿੱਤਾ ਆਈ ਨਾਂ ਸ਼ਰਮ॥
ਦੁਖੀ ਹੋਇ ਦਖ ਹਾਲ ਸੁਲਾਹ ਕਾਰ ਜੀ। ਨਾਭੇ ਵਾਲੇ.........
ਜਦੋਂ ਸੁਲਾਹ ਦੀ ਨਾਂ ਮਨੀਕੋਈ ਗਲ ਜੀ।ਰਫ਼ੀਕਮਹੰਮਦ ਜਾਣਦਾ ਭਾਰੀਅਟਲਜੀ॥
ਦਿਤਾ ਅਸਤੀਫ਼ਾ ਚੌਂਦੀਆਂ ਸੁਣਾਇਕੇ। ਲਿੱਤੀ ਪਟਿਆਲੇ ਦੀ ਸ਼ਰਮ ਆਇਕੇ॥
ਛਡਕੇ ਗੁਲਾਮੀ ਬਣਿਆ ਐਹਲਕਾਰ ਜੀ। ਨਾਭੇ ਵਾਲੇ..........

Original with:
Language Department Punjab
Digitized by:
Panjab Digital Library

ਦਿਆ ਕਿਸ਼ਨ ਕੌਲ ਔਰ ਹਜ਼ੂਰਾ ਸਿੰਘ ਢਿੱਲੋਂ:—

ਸਰ ਦਿਆ ਕਿਸ਼ਨ ਕੌਲ ਔਰ ਹਜ਼ੂਰਾ ਸਿੰਘ ਢਿੱਲੋਂ। ਦੋਤਾਂ ਮੁਖਮੱਨੇ ਪਟਿਆਲੇ ਦੀ ਵਲੋਂ॥
ਪੈਹਲਾਂ ਸੀ ਵਜ਼ੀਰ ਦੂਜਾ ਪੁਲਿਸ ਐਹਲਕਾਰ। ਵਿਦਿਆਵਾਨ ਨਕ ਖੁਲ ਕਵਡਾ ਵਫ਼ਾਦਾਰ
ਦੋਹਾਂ ਨੂੰ ਮੁਕੱਦਮੇ ਦਾ ਸੌਂਪਿਆ ਭਾਰ ਜੀ । ਨਾਭੇ ਵਾਲੇ..........

ਪੈਰੋਕਾਰ ਨਾਭਾ ਪਟਿਆਲਾ:—

ਇਕ ਪਾਸੇ ਵਿਦਿਆ ਅਤੇ ਨੀਤੀ ਦੇ ਧਨੀ। ਦੂਜੇ ਪਾਸੇ ਭਰਤੀ ਖੁਰਗੀਨ ਦੀ ਚੁਣੀ॥
ਐਂਚੇ ਤਾਣੇ ਭੌਂਕੇ ਗੋਲਿਆਂ ਦੇ ਪੁਤ ਜੀ। ਮੌਕੇ ਉਤੇ ਕਰਦੇ ਨਾਂ ਜ਼ਰਾ ਹੁਤ ਜੀ॥
ਗੂੰਡ ਪਣਿਆਂ ਨਾਲ ਬਣੇ ਸਰਦਾਰ ਜੀ। ਨਾਭੇ ਵਾਲੇ...........

ਨਾਭੇ ਦੀ ਕਮਜ਼ੋਰੀ:—

ਓੜਕ ਨੂੰ ਫੇਰ ਜਦ ਹੋਈ ਸੁਣਾਈ ਜੀ। ਪੋਲ ਢੋਲ ਨਾਭੇ ਦੀ ਨਜ਼ਰ ਆਈ ਜੀ॥
ਨਾਭੇ ਦੇ ਗਵਾਹ ਨਾਭੇ ਦੇ ਖਿਲਾਫ਼ ਜੀ। ਬਿਆਨ ਦੇਣ ਬਿਨਾ ਖ਼ੌਫ਼ ਸਾਫ਼ ਸਾਫ਼ ਜੀ॥
ਕੇਸ ਖੋਲੇ ਭਾਣਾ ਕਹੇ ਬਾਰ ਬਾਰ ਜੀ। ਨਾਭੇ ਵਾਲੇ...........

ਥਾਣੇਦਾਰ ਪਟਿਆਲੇ ਦੀ ਰਿਹਾਈ:—

ਜੱਜ ਧਰਮ ਵਾਲੇ ਨੇ ਪਾਯਾ ਸਬੂਤ ਜੀ। ਝਗੜੇ ਵਿਚ ਰਾਜੇ ਦੀ ਹੈ ਕਰਤੂਤ ਜੀ॥
ਜਿਤਨੇ ਮੁਕਦਮੇਂ ਝੂਟੇ ਚਲਾਏ ਜੀ। ਰਾਜੇ ਦੇ ਇਸ਼ਾਰੇ ਤੇ ਸਬੂਤ ਪਾਏ ਜੀ॥
ਬਰੀ ਕਰ ਦਿਤਾ ਝਟ ਥਾਣੇਦਾਰ ਜੀ। ਨਾਭੇ ਵਾਲੇ...........

ਮਹਾਰਾਜਾ ਪਟਿਆਲਾ ਔਰ ਨਾਭਾ ਕਾ ਮੁਕਾਬਲਾ:—

ਧੰਨ ਧੰਨ ਪਟਿਆਲਾ ਸਰਕਾਰ ਜੀ। ਨੌਕਰਾਂ ਦੇ ਨਾਲ ਜੀਹਦਾ ਐਡਾ ਪਿਆਰ ਜੀ॥
ਥਾਣੇਦਾਰ ਜਿਹਨੇ ਅਪਣਾ ਛੁੜਾ ਲਿਤਾ। ਦੁਸ਼ਮਨਾਂ ਨੂੰ ਬਾਧੂ ਹੇਠਾਂ ਝੁਕਾ ਦਿਤਾ॥
ਕਿਤਨੇ ਹੀ ਹੋਰਾਂ ਨੂੰ ਭੀ ਦਿਤਾ ਤਾਰ ਜੀ। ਨਾਭੇ ਵਾਲੇ...........
ਦੋਹਾਂ ਰਾਜਿਆਂ ਦਾ ਕੋਈ ਕੀ ਮੁਕਬਲਾ। ਬੁਧਮਾਨ ਕਹੇ! ਲੋਕੋ ਸੋਚਣਾ ਭਲਾ॥
ਇਕ ਥਾਣੇਦਾਰ ਨੂੰ ਹਟਿਆ ਛੁਡਾਇਕੇ। ਦੂਜਾ ਜੱਜ ਬਖਸ਼ੀ ਨੂੰ ਰਖੇ ਭਨਾਇਕੇ॥
ਨਠੇ ਚੈਟਰ ਜੀ ਜੇਹੇ ਹੋਕੇ ਲਾਚਾਰ ਜੀ। ਨਾਭੇ ਵਾਲੇ.........
ਇਕ ਵਡਾ ਹੋਕੇ ਭੀ ਸੁਲ੍ਹਾ ਨੂੰ ਮੰਨਿਆ। ਦੂਜਾ ਛੋਟਾ ਰਿਹਾ ਮੜਕ ਵਿਚ ਖਨ੍ਹਿਆ॥
ਇਕ ਉਤੇ ਬਰਸੇ ਸ਼ਹਿਨਸ਼ਾਹੀ ਸ਼ਾਨ ਹੈ। ਦੂਜਾ ਜਿਵੇਂ ਕੋਈ ਏਨਾ ਬੇਚੇ ਥਾਨ ਹੈ॥
ਇਕ ਪ੍ਰੇਮ ਦੂਜਾ ਕ੍ਰੋਧ ਦਾ ਅਵਤਾਰ ਜੀ। ਨਾਭੇ ਵਾਲੇ...........
ਮਹਾਰਾਜਾ ਪਟਿਆਲਾ ਮਾਈ ਦੀ ਮਕਾਣ ਨੂੰ। ਨਾਭੇ ਗਏ ਆਪਦਾ ਗੋਡਾ ਨਿਮੌਣ ਨੂੰ॥
ਘਰ ਜਦੋਂ ਬੀਬੀ ਆਲੋਕਿਆਂ ਦੀ ਪੁਤਰੀ। ਸੁਹਾਗ ਬਾਸ ਹੋਈ ਹੋਦ ਏਸਨੇ ਕਰੀ॥
ਗਿਆ ਨਾਂ ਪਟਿਆਲਾ ਹਾਏ ਵਡੀ ਆਰ ਜੀ। ਨਾਭੇ ਵਾਲੇ.... ......
ਦਰਬਾਰ ਸਾਹਿਬ ਦੀ ਹੋਈ ਸਫਾਈ ਜੀ। ਮਹਾਰਾਜ ਹੋਕੇ ਟੋਕਰੀ ਉਠਾਈ ਜੀ॥
ਗੋਰ ਕਢੀ ਪਟਿਆਲਾ ਸਰਕਾਰ ਨੇ। ਅੰਮ੍ਰਿਤਸਰ ਤਾਂ ਭਰਿਆ ਖੁਸ਼ੀ ਦੇ ਗੁਜ਼ਾਰ ਨੇ॥
ਰਿਪੁਦਮਨ ਸਿੰਘ ਕੀਤਾ ਇਨਕਾਰ ਜੀ। ਨਾਭੇ ਵਾਲੇ..........

Original with:
Language Department Punjab
Digitized by:
Panjab Digital Library

ਅਸਲ ਤੇ ਕੁਨਸਲ ਕਦੇ ਰੈਹਣ ਨਾਂ ਲੁਕੋ।ਲਛਣਾਂ ਤੋਂ ਆਪ ਕਦੇ ਰੌਈ ਨਾ ਚੁਕੈ ॥
ਇਕ ਵਿਚ ਅਸਲ ਰਾਜਿਆਂ ਦਾ ਖ਼ੂਨ ਸੀ। ਮੇਲੇ ਰਾਜਪੂਤ ਕੁਦਰਤੀ ਕਾਨੂਨ ਸੀ ॥
ਦੂਜੇ ਨੂੰ ਪਸੰਦ ਨੀਚ ਤੇ ਚਮਾਰ ਜੀ। ਨਾਭੇ ਵਾਲੇ...........
ਜੈਸਲਮੇਰੋਂ ਜਾਣ ਕੌਮ ਦਾ ਨਕਾਸ ਜੀ। ਚਿਰੋਂ ਵਿਛੜੇ ਮਿਲਾਏ ਭਾਈ ਖਾਸ ਜੀ ॥
ਰਾਜਪੂਤਾਂ ਫ਼ਖ਼ਰ ਤੇ ਖ਼ੁਸ਼ੀ ਮਨਾਈ ਜੀ। ਹਥੋਂ ਜਾਮ ਪੀਕੇ ਮੰਨ ਲੀਤਾ ਭਾਈ ਜੀ ॥
ਦੂਜੇ ਨੇ ਤਾਂ ਸਿਖ ਹਿੰਦੂ ਦਿਤੇ ਪਾੜ ਜੀ। ਨਾਭੇ ਵਾਲੇ...........
ਇਕ ਪੱਕਾ ਸਿੱਖ ਹਿੰਦੂਆਂ ਦਾ ਮਿਤ ਜੀ। ਭਜਨ ਪਾਠ ਕਰੇ ਪੁਨ ਦਾਨ ਨਿਤ ਜੀ ॥
ਦੂਜਾ ਨਹੀਂ ਬਣਿਆਂ ਮਿੱਤ ਸਕੇ ਬਾਪ ਦਾ। ਓਹਦਾ ਨਾਂ ਓਧਰਾਇਆ ਭੀ ਬਟਾਇਆ ਆਪਦਾ।
ਜਿਹਨੂੰ ਲਜ ਨਾਮ ਦੀ ਨਾਂ ਉਹ ਗਵਾਰ ਜੀ। ਨਾਭੇ ਵਾਲੇ...........
ਗਰਜ਼ ਪਟਿਆਲਾ ਪਤੀ ਅਸਲ ਸਨ ਸਚੇ। ਕਿਸੇ ਗਲ ਵਿਚ ਜੇਹੜੇ ਰਹੇ ਨਾਂ ਕੱਚੇ॥
ਚਾਹੇ ਅਕਬਾਲ ਦੇ ਬਬਰ ਸ਼ੇਰ ਹਨ। ਰਾਹ ਦੀ ਗਲ ਮੰਨਣੇ ਨੂੰ ਭੀ ਦਲੇਰ ਹਨ ॥
ਪਰ ਨਾਂ ਉਹ ਮੰਨਿਆ ਹੁੰਦਾ ਖਵਾਰ ਜੀ। ਨਾਭੇ ਵਾਲੇ...........
ਨਾਭੇ ਵਾਲੇ ਲਈ ਜੱਜ ਦਿੱਤੀ ਰਾਏ ਜੀ। ਸਰਕਾਰ ਨੂੰ ਮੁਕੱਦਮਾ ਚਲਾਏ ਜੀ।
ਇਹਨੇ ਲੋਕਾਂ ਦੀਆਂ ਇੱਜ਼ਤਾਂ ਗਵਾਹੀਆਂ। ਗੁੰਡਿਆਂ ਤੋਂ ਝੂਠੀਆਂ ਮਿਸਲਾਂ ਕਰਾਈਆਂ
ਬਸਦੇ ਉਜਾੜੇ ਹਨ ਕਬੀਲਦਾਰ ਜੀ। ਨਾਭੇ ਵਾਲੇ...........

ਰਾਜਾ ਨਾਭਾ ਦੀ ਬਦਖਲੀ:—

ਲੋੜੀਏ ਨਾ ਰਾਜ ਮੈਥੋਂ ਲਖਵਾਓ ਜੀ। ਫੌਜਦਾਰੀ ਨਾਂ ਮੁਕੱਦਮਾ ਚਲਾਓ ਜੀ ॥
ਹਥੋਂ ਲਿਖ ਦਿਤਾ ਡੇਹਰਾਦੂਨ ਰਹੂੰਗਾ। ਰਾਜ ਵਿਚ ਆਪਦੇ ਨਾਂ ਦਖਲ ਦੇਊਂਗਾ ॥
ਸਹਿਬ ਲੈ ਗਏ ਚੜ੍ਹਾ ਮੋਟਰਕਾਰ ਜੀ। ਨਾਭੇ ਵਾਲੇ...........

ਅਕਾਲੀਓਂ ਸੇ ਸਵਾਲ:—

ਲੋਕੋ ਹੁਣ ਅਕਾਲੀਆਂ ਨੂੰ ਪੁਛੋ ਗੌਰ ਤੇ। ਸਚੇ ਰਾਜੇ ਨੂੰ ਥੀ ਡਰ ਕੇਹੜੇ ਤੌਰ ਤੇ॥
ਉਹਦੀ ਜੇ ਪੋਜ਼ੀਸ਼ਨ ਥੀ ਰਬ ਤੋਂ ਸਚੀ। ਝਗੜਾ ਮੁਕਦਮਾ ਕੀ ਪੈਂਦੀ ਸੀ ਕਚੀ ॥
ਪੈਰਵੀ ਕਰੌਂਦਾ ਹੌਂਸਲੇ ਨੂੰ ਧਾਰ ਜੀ। ਨਾਭੇ ਵਾਲੇ...........

ਰਾਜਾ ਨਾਭਾ ਦੀ ਬੁਜ਼ਦਿਲੀ:—

ਕਿਲੇ ਵਿਚ ਬੈਠੇ ਓਹਨੂੰ ਧਾੜਕੀ ਦਿਖੀ। ਗੱਦੀ ਛੱਡ ਦੇਣ ਦੀ ਜੋ ਚਿਠੀ ਸੀ ਲਿਖੀ।
ਐਡਾ ਜੋ ਡਰਾਕਲਾ ਕੀ ਰਾਜ ਭੋਗਦਾ। ਚੰਗਾ ਹੋਇਆ ਫੁਟ ਗਿਆ ਕੁੱਜਾ ਰੋਗਦਾ ॥
ਓਹਨੂੰ ਦਕੇ ਰਾਜ ਕੀ ਭੱਦਰਕਾਰ ਜੀ। ਨਾਭੇ ਵਾਲੇ...........

ਬਦ-ਇਖਲਾਕੀ:—

ਜੇੜ੍ਹਾ ਬਾਪ ਭੈਣ ਖਾਸ ਮਾਂ ਦਾ ਨਾ ਬਣਿਆ। ਡਾਢੀ ਗਵਰਨਮੈਂਟ ਨਾਲ ਰੈਂਹਦਾ ਸੀ ਤਣਿਆ॥
ਗੋਤੀ ਤੇ ਪੜੋਸੀ ਵਡੇ ਰਾਜ ਦੇ ਧਨੀ। ਮਹਾਰਾਜਾ ਪਟਿਆਲਾ ਨਾਲ ਨਾਂ ਬਣੀ ॥
ਅਕਾਲੀਓ ਕੀ ਤੁਹਾਡਾ ਕਰੂ ਉਪਕਾਰ ਜੀ। ਨਾਭੇ ਵਾਲੇ...........
ਭੇਜੀ ਨਹੀਂ ਫੌਜ ਏਸ ਮੌਕੇ ਜੰਗ ਦੇ। ਮਿਲਦਾ ਨਾਂ ਸੀ ਕਿਸੇ ਨੂੰ ਕਾਰਨ ਕੁਸੰਗ ਦੇ।

*Original with:*
Language Department Punjab
*Digitized by:*
Panjab Digital Library

ਲਾਟ ਘਰ ਆਵੇ ਇਹ ਜਾਂਦਾ ਸ਼ਿਕਾਰ ਨੂੰ।ਹਤਕ ਜਾਣਦਾ।ਇਹ ਪਰਿੰਸ ਦੇ ਦੀਦਾਰ ਨੂੰ।

ਟਿੱਡੀ ਜੇਹੀ ਜਾਨ ਸ਼ੇਰ ਦਾ ਢਕਾਰ ਜੀ। ਨਾਭੇ ਵਾਲੇ...........

ਬਸੀ ਦੀ ਨਜ਼ਾਮਤ ਜਿਨਾਂ ਰਾਜ ਭੌਰ ਦਾ। ਆਕੜ ਤੇ ਦਿਮਾਗ਼ ਸ਼ਾਹਨਸ਼ਾਹੀ ਤੌਰ ਦਾ।

ਪੰਗਲਿਆ ਬਡਿਆਂਨਾਲ ਦਾਈਏਲਾਇਕੇ।ਫੇਰਭੀ ਤਾਂ ਬੈਠਾ ਹੀ,ਮੱਥਾ ਭਨਾਇਕੇ॥

ਹਾਲੇ ਭੀ ਨਾ ਹੁੰਦਾ ਏ ਸ਼ੁਕਰ ਗੁਜ਼ਾਰ ਜੀ। ਨਾਭੇ ਵਾਲੇ...........

ਅਕਾਲੀਓਂ ਸੇ ਖਿਤਾਬਃ—

ਖੋਟੇ ਦੀ ਹਮੈਤੋਂ ਕੀ ਸੀ ਭਲਾ ਹੋਵਣਾ। ਓੜਕ ਨੂੰ ਪਿਆ ਜਾਨ ਮਾਲ ਖੋਵਣਾ॥

ਨਾਭੇ ਨੂੰ ਗੁਰੂ ਦਾ ਬਾਗ ਜਿਨ੍ਹਾਂ ਮਨਿਆ। ਆਪਦੇ ਗਲੇ ਨੂੰ ਰਸਾ ਆਪ ਬਨ੍ਹਿਆ॥

ਜ਼ਿੰਦਗੀ ਤੇ ਮੌਤ ਦੀ ਥੀ ਐਥੇ ਕਾਰ ਜੀ। ਨਾਭੇ ਵਾਲੇ...........

ਗਰਨਮੈਂਟ ਦੀ ਤਾਕਤਃ—

ਜਿਸ ਅੰਗ੍ਰੇਜ਼ ਨੇ ਜਰਮਨ ਦੇ ਰੌਣ ਨੂੰ। ਬਨ੍ਹਕੇ ਬਠਾਇਆ ਜਿਵੇਂ ਜੋਗੀ ਪੌਣ ਨੂੰ॥

ਇਨ੍ਹਾਂ ਡਾਢਿਆਂ ਦੇ ਨਾਲ ਕੀ ਲੜਾਈ ਜੀ ਭੋਂਦੂ ਰਾਜੇ ਲਈ ਕਿਉਂ ਬਣੇ ਸ਼ੁਦਾਈ ਜੀ॥

ਕੋਕੀਆਂ ਦੇ ਵਾਂਗ ਐਵੇਂ ਸਹੀ ਮਾਰ ਜੀ। ਨਾਭੇ ਵਾਲੇ...........

ਜਦੋਂ ਰਾਜਾ ਚਿਰੋਂ ਥੀ ਕੁਨਿਆਓਂ ਕਰ ਰਿਹਾ।ਓਦੋਂ ਅਕਾਲੀਦਲ ਕਿਥੇ ਸੁਤਾ ਸੀ ਪਿਆ॥

ਓਹਨੂੰ ਜੇ ਕੋਈ ਸਿਆਣ ਹੋ ਹੁੰਦੇ ਸਮਝਾਂਵਦੇ।ਮਾੜੇ ਦਿਨ ਅਜ ਦੇਖਣੇ ਨਾਂ ਪਾਂਵਦੇ।

ਨੰਗੇ ਪੈਰੀਂ ਘੁਮਦੇ ਨਾਂ ਜਥੇਦਾਰ ਜੀ। ਨਾਭੇ ਵਾਲੇ...........

ਅਕਾਲੀਆਂ ਨੇ ਕਿਉਂ ਨਾਂ ਲਾਈ ਤਨਖਾਹ ਜੀ।ਸਕੀ ਭੈਣ ਦੇ ਨਾਂ ਬੜਿਆ ਜਦੋਂ ਬਿਆਹ ਜੀ॥

ਕੀਤਾ ਨਾਂ ਤਰਸ ਜਦੋਂ ਵਿਧਵਾ ਹੋਈ। ਕਰਕੇ ਹਜ਼ਮ ਮਾਨ ਸੌਹਰਿਓਂ ਖੋਈ॥

ਟਿਕੇ ਜਮਣੇ ਤੋਂ ਭੀ ਨਾਂ ਬੁਲਾਈ ਯਾਰ ਜੀ। ਨਾਭੇ ਵਾਲੇ...........

ਦਸੋ ਭਾਈ ਸਿਖੋ ਤੁਸੀਂ ਵਾਲੀ ਪੰਥ ਦੇ।ਧੀ ਦਾ ਧਨ ਜਾਇਜ਼ ਕੇਹੜੇ ਪੰਨੇ ਗਰੰਥ ਦੇ॥

ਬੁੱਢੇ ਬਾਪ ਦੇਖਣੇ ਦਾ ਜੇਹੜਾ ਚੋਰ ਜੀ। ਦਸੋ ਪਾਪ ਵਧ ਕੇਹੜਾ ਏਹਤੋਂ ਹੋਰ ਜੀ॥

ਓਦੋਂ ਨਾਂ ਲਗੇ ਦੀਵਾਨ ਬੇਸ਼ੁਮਾਰ ਜੀ। ਨਾਭੇ ਵਾਲੇ...........

ਡਿੱਗੇ ਰਾਜੇ ਦੀ ਤਾਂ ਕਰੀਆਂ ਹਮਦਰਦੀਆਂ।ਲੈਕੇ ਕ੍ਰਿਪਾਨਾਂ ਪਾਈਆਂ ਕਾਲੀ ਵਰਦੀਆਂ

ਵਾਪਸ ਮੰਗੌਣ ਦੀ ਕੀਤੀ ਤਿਆਰੀਆਂ। ਵਾਸਤੇ ਗਰੀਬਾਂ ਜਾਨ ਮਤਾਂ ਮਾਰੀਆਂ॥

ਸ਼ਿਵਦੇਵ ਸਿੰਘ ਲਈ ਕੀਤੀ ਕੀ ਪੁਕਾਰ ਜੀ। ਨਾਭੇ ਵਾਲੇ...........

ਮੁਸਲਮਾਨੋਂ ਸੇ ਸਵਾਲਃ—

ਜ਼ਿਮੀਂਦਾਰ ਅਖਬਾਰ ਜੇਹੇ ਮੁਸਲਮਾਨ। ਓਹ ਭੀ ਸਿਖਾਂ ਨਾਲ ਖੋਲ੍ਹਦੇ ਅਜ ਜ਼ਬਾਨ॥

ਜਦੋਂ ਮਲਕ ਜੇਹੇ ਫੜੇ ਬੇਗੁਨਾਹ ਜੀ। ਜਿਸਨੇ ਬੇਟੇ ਬਖਸ਼ੀ ਜੀ ਕੀਤੇ ਤਬਾਹ ਜੀ॥

ਓਦੋਂ ਬੋਲਿਆ ਨਾਂ ਕੋਈ ਦੀਨਦਾਰ ਜੀ। ਨਾਭੇ ਵਾਲੇ...........

ਹਿੰਦੂ ਲੀਡਰਃ—

ਮਾਲਵੀ ਨੇ ਓਦੋਂ ਕਿਉ ਨਾਂ ਸਭਾ ਲਾਈ ਜੀ।ਨਹੀਂ ਜੀਭ ਮੋਤੀ ਲਾਲ ਨੇ ਹਲਾਈ ਜੀ॥

ਗਾਂਧੀ ਲਾਜਪਤ ਭੀ ਰਹੇ ਉਦਾਸ ਜੀ। ਜਦੋਂ ਐਕਟ ਮੈਂਬਰਾਂ ਦਾ ਕੀਤਾ ਪਾਸ ਜੀ॥

ਐਕਟ ਦੇ ਬਹਾਨੇ ਲੁਟ ਘਰ ਬਾਰ ਜੀ। ਨਾਭੇ ਵਾਲੇ...........

Original with:
Language Department Punjab
Digitized by:
Panjab Digital Library

ਸਭਾ ਤੇ ਸਮਾਜਾਂ ਕਾਂਗਰਸਾਂ ਸਾਰੀਆਂ। ਲੀਗ ਤੇ ਖਲਾਫ਼ਤ ਕਾਨਫਰਾਂਸਾਂ ਸਾਰੀਆਂ॥
ਉਸਨੂੰ ਸੁਝਾਈ ਨਾਂ ਕਿਸੇ ਭੀ ਭੁਲ ਜੀ। ਤਿਲਕ ਫੰਡ ਚੰਦਾ ਲੈਕੇ ਗਏ ਫੁੱਲ ਜੀ॥
ਲਾਲਚੀ ਲੀਡਰ ਸਰ੍ਹਾਉਣ ਬਾਰ ਬਾਰ ਜੀ। ਨਾਭਾ ਵਾਲੇ...........
ਜੀਹਦੇ ਕਢੇ ਬੇਗੁਨਾਹ ਬਦੇਸ ਵਸਦੇ। ਲਾਲਚੀ ਲੀਡਰ ਵਤਨ ਪਰਸਤ ਦਸਦੇ॥
ਆਪੇ ਗੱਦੀ ਬੈਠਾ ਸੂਰਮਾ ਸਦਾਉਂਦਾ। ਮੰਤਰਾਂ ਤੋਂ ਡਰਿਆਂ ਨਾਂ ਠਿਕਾਣਾ ਪਾਉਂਦਾ॥
ਲਾਹਣਤ ਹਮੈਤੀਆਂ ਨੂੰ ਧਿਰਕਾਰ ਜੀ। ਨਾਭਾ ਵਾਲੇ...........
ਪਾਗਲ ਭੀ ਅੱਜ ਨਾਂ ਕੋਈ ਨਜ਼ਰਆਂਵਦਾ। ਮੰਤਰਾਂ ਤੋਂ ਡਰਿਆਂ ਜੇੜ੍ਹਾ ਠਾਣੇ ਜਾਂਵਦਾ।
ਰਾਜੇ ਦਾ ਵਜ਼ੀਰ ਨਰ ਸਿੰਘ ਰਾਓ ਜੀ। ਪੋਲੀਸ ਲੈਕੇ ਗਿਆ ਨਾਲ ਵਡੇ ਚਾਓ ਜੀ॥
ਪੰਡਤ ਜਗਾਕੇ ਕੀਤਾ ਗ੍ਰਿਫਤਾਰ ਜੀ। ਨਾਭਾ ਵਾਲੇ...........
ਪਾਸੋਂ ਆਪੇ ਰਾਜੇ ਦਾ ਫੋਟੋ ਰਖਾਂਵਦਾ। ਕਾਸ਼ੀ ਕਲੀ ਰਾਮ ਤੋਂ ਜੰਤਰ ਲਖਾਂਵਦਾ॥
ਝੂਠਾ ਬੁਤ ਬ ਨ੍ਹਕੇ ਲੋਕਾਂ ਦਖਾਇਤਾ। ਬੈਰੀ ਤਿਪਰ ਚੰਦ ਨੂੰ ਓਹ ਦਿਓ ਗਰਾਇ ਥਾ।
ਆਪ ਬਣੇ ਸਰਕਾਰੀ ਵਫਾਦਾਰ ਜੀ। ਨਾਭਾ ਵਾਲੇ...........
ਝੂਠਾ ਸੀਨ ਜਾਦੂ ਮੌਤ ਦੀ ਸਜ਼ਾਏ ਜੀ। ਜ਼ਬਤੀ ਜਾਇਦਾਦ ਕੈਦ ਭੀ ਸਵਾਈ ਜੀ॥
ਜਰੀਮਾਨੇ ਭਾਰੀ ਤੇ ਨਕਦ ਜ਼ਮਾਨਤਾਂ। ਸੁਣੋ ਨੇਕ ਰਾਜੇ ਦੀ ਤੁਸੀਂ ਕਰਾਮਤਾਂ॥
ਤਾਂ ਭੀ ਰਾਗ ਗਾਉਂਦੇ ਓਹਦੇ ਮਲ੍ਹਾਰ ਜੀ। ਨਾਭਾ ਵਾਲੇ...........
ਸ਼ੁਕਰ ਕਰੋ ਅੰਗਰੇਜ਼ ਦਾ ਦਬਾਓ ਜੀ। ਅਜੇਹੇ ਰਾਜੇ ਪਾਉਣ ਨਹੀਂ ਵਡੇ ਘਾਓ ਜੀ॥
ਜ਼ਾਬਤਾ ਕਾਨੂੰਨ ਇਨ੍ਹਾਂ ਦੀ ਜ਼ਬਾਨ ਹੈ। ਕਿਤੇ ਨਾਂ ਅਪੀਲ ਇਕ ਹੱਥ ਜਾਨ ਹੈ।
ਭਗਵਾਨ ਕਰੇ ਇਨ੍ਹਾਂ ਦਾ ਸੁਧਾਰ ਜੀ। ਨਾਭਾ ਵਾਲੇ...........

ਸਭ ਲੀਡਰੋਂ ਸੇ:—

ਲੀਡਰਾਂ ਨੂੰ ਅਸੀਂ ਬੇਨਤੀ ਸੁਣਾਂਵਦੇ। ਕਿਉਂ ਨਾਂ ਖੋਟੇ ਰਾਜਿਆਂ ਨੂੰ ਸਮਝਾਂਵਦੇ॥
ਇਨ੍ਹਾਂ ਤੋਂ ਪੈਹਲਾਂ ਸੁਰਾਜ ਲੈਣ ਜਾਇਕੇ। ਵੇਖੀਏ ਕੀ ਮਿਲੇ ਯਾ ਆਉਂਦੇ ਗਵਾਇਕੇ॥
ਘਰੋਂ ਖਾਲੀਆਂ ਨੂੰ ਬਾਹਰ ਕੀ ਬਹਾਰ ਜੀ। ਨਾਭਾ ਵਾਲੇ...........
ਰੋਲਟ ਐਕਟ ਲਈ ਤਾਂ ਹੌਲੇ ਮਚਾਏ ਜੀ। ਅਸਮਾਨ ਦੇ ਕੁੰਡੇ ਮਲਾਏ ਜੀ॥
ਇਹ ਤਾਂ ਕਿਤੇ ਹੋਇਆ ਨਾ ਅਮਲਪਜ਼ੀਰ ਜੀ। ਮੰਤ੍ਰ ਐਕਟ ਨੇ ਕਰੀ ਖਲਕਤਫਕੀਰਜੀ
ਬਰਬਾਦ ਲੋਕ ਹੋਂਦੇ ਜ਼ਾਰੋ ਜ਼ਾਰ ਜੀ। ਨਾਭਾ ਵਾਲੇ...........
ਕਿਉਂ ਨਾਂ ਉਦੋਂ ਪਹੁੰਚਿਆ ਜਵਾਹਰ ਲਾਲਜੀ। ਗਿਣਨੀਕੇਸੰਨਤਾਨਮਨਾਂਕੀਤੀਸੰਭਾਲਜੀ॥
ਗਾਂਧੀ ਜੇਹੇ ਪਹੁੰਚੇ ਨਾਂ ਓਥੇ ਮਹਾਤਮਾਂ। ਗਰੀਬ ਦਾ ਨਾਂ ਕੋਈ ਬਿਨਾਂ ਪਰਮਾਤਮਾਂ॥
ਪੜ੍ਹੋ ਬੰਦੇ ਮਾਤਰਮ ਦਾ ਅਖਬਾਰ ਜੀ। ਨਾਭੇ ਵਾਲਾ...........
ਰਿਆਸਤਾਂ ਦੇ ਸਿਖ ਕੀਨਾਂ ਰੋਟੀ ਖਾਂਵਦੇ। ਬਾਹਰੋਂ ਆਕੇ ਉਧਮੂਲ ਬੇਹਲੇ ਪਾਉਂਦੇ॥
ਜਾਣਕੇ ਚਰਿਤਰ ਸਭ ਘਰਦੇ ਖਾਮੋਸ਼ਸਨ। ਬਾਹਰਲੇ ਅਣਜਾਣਾਂਨੇਬਗਾੜੇ ਹੋਸ਼ ਹਨ॥
ਅਕਲ ਮੰਦ ਕਹੋਈਏ ਕਿ ਗੰਵਾਰ ਜੀ। ਨਾਭਾ ਵਾਲਾ...........
ਦੇਸੀਆਂ ਨੂੰ ਜ਼ੁਲਮ ਤੇ ਨਹੀਂ ਹਟਾਂਵਦੇ। ਅੰਗ੍ਰੇਜ਼ਾਂ ਨਾਲ ਪਏ ਜਫਾ ਲਾਂਵਦੇ॥

Original with:
Language Department Punjab
Digitized by:
Panjab Digital Library

ਜੇਕਰ ਅੰਗ੍ਰੇਜ਼ ਮੰਤਰਾਂ ਨੂੰ ਮੰਨਦੇ। ਜਾਦੂ ਟੂਣੇ ਲਈ ਆਦਮੀ ਨੂੰ ਬੰਨ੍ਹਦੇ॥
ਕੌਂਸਲਾਂ ਦੇ ਵਿਚ ਹੁੰਦੀ ਮਾਰੋ ਮਾਰ ਜੀ। ਨਾਭਾ ਵਾਲਾ..........
ਲੋਕ ਅੰਗ੍ਰੇਜ਼ਾਂ ਨੂੰ ਬੇਅਕਲ ਦਸਦੇ। ਲੀਡਰ ਅਤੇ ਐਡੀਟਰ ਖੂਬ ਹਸਦੇ॥
ਰੀਪੂਦਮਨਸਿੰਘਨੂੰ ਹੋਏ ਖਮੋਸ਼ ਜੀ। ਕਿਸੇ ਨੇ ਭੀ ਨਾਂ ਦਸੇ ਉਸਨੂੰ ਤਾਂ ਦੋਸ਼ ਜੀ॥
ਉਸ ਤੋਂ ਰਾਨ ਗਿਆ ਕੀ ਬਗਾੜ ਜੀ। ਨਾਭਾ ਵਾਲਾ..........
ਲੀਡਰਾਂ ਨੂੰ ਲੋੜੀਏ ਨਾਂ ਪਖ ਬਾਦ ਜੀ। ਹੁੰਦਾ ਪੱਖ ਬਾਦੋਂ ਦੇਸ ਬਰਬਾਦ ਜੀ॥
ਕੌਸਲ ਜੋਤੋਂ ਲਿਖੀਪੁਛਦੀ ਸਵਾਲ ਜੀ।ਰਿਪੁਦਮਨ ਸਿੰਘ ਦਾਨਾਂ ਜਾਣਿਆਹਾਲਜੀ।
ਕਿਸੇ ਓਸ ਨੂੰ ਨਾਂ ਦਿਤੀ ਫਟਕਾਰ ਜੀ। ਨਾਭਾ ਵਾਲਾ..........
ਕਿਉਂ ਨਾਂ ਗਵਰਨਮੈਂਟਇਹ ਦਿਤੀ ਰਾਏਜੀ।ਰਿਪੂਦਮਨਸਿੰਘਨੂੰ ਹੋਇਆਸੁਦਾਇਜੀ॥
ਸਾਇੰਸ ਦੇ ਜ਼ਮਾਨੇ ਮੌਤ ਦੀਸਜ਼ਾਏ ਜੀ। ਮੰਤਰਾਂ ਦੇ ਲਈ ਲਿਖੀ ਇਸ ਹਾਏ ਜੀ॥
ਅਜ ਗਲ ਰਹੇ ਹੋਕੇ ਤਰਫਦਾਰ ਜੀ। ਨਾਭਾ ਵਾਲਾ..........
ਜਾਲਮਾਂ ਦੇ ਲਈ ਹਾਲੇ ਚੰਦੇ ਖੋਲਦੇ। ਮਜ਼ਲਮਾਂ ਨਾਲ ਹੀ ਮੂੰਹੋ ਬੋਲਦੇ॥
ਰਿਪੂਦਮਨ ਸਿੰਘ ਨੇ ਲਿਖਿਆ ਥਾਖਾਸ ਜੀ।ਬਾਂਕਾ ਰਾਮ ਲਈ ਮਾਲਵੀ ਦੇ ਪਾਸਜੀ॥
ਚਾਹੇ ਜੇ ਰਿਹਾਈ ਦੇਵੇ ਦੋ ਹਜ਼ਾਰ ਜੀ। ਨਾਭਾ ਵਾਲਾ..........
ਕੌਡੀ ਭੀ ਨਾਂ ਇਕਮਾਲਵੀ ਜੀ ਨੇ ਦਿਤੀ।ਨਹੀਂ ਸਾਰਪੰਡਿਤਬਾਂਕਾ ਰਾਮ ਦੀ ਲਿੱਤੀ॥
ਜਿਲਾਵਤਨ ਹੋਕੇ ਜਾ ਲਾਹੌਰ ਵਸਦਾ। ਮੰਤਰਾਂ ਦੇ ਜ਼ੁਲਮ ਦਾ ਹਵਾਲ ਦਸਦਾ॥
ਜਾਤ ਭਾਈ ਲਈ ਮਾਲਵੀ ਲਾਚਾਰ ਜੀ। ਨਾਭੇ ਵਾਲੇ..........
ਜਾਤ ਭਾਈ ਲਈ ਮਾਲਵੀ ਜੀ ਚੋਰ ਜੀ।ਪਾਪੀ ਰਾਜੇਲਈਤਾਂ ਮਚਾਇਆ ਸ਼ੋਰ ਜੀ॥
ਗਰੀਬ ਬਾਂਕਾ ਰਾਮ ਦੀ ਤਾਂ ਮਦਦ ਨਾਂ ਸਰੀ।ਰਾਜੇਲਈ ਹਿੰਦੂਸਭਾਕਾਂਸ਼ੀ ਜੀ ਕਰੀ॥
ਦੇਖੋ ਹਾਲ ਲੀਡਰਾਂ ਦਾ ਤੁਸੀਂ ਵੀਚਾਰ ਜੀ। ਨਾਭਾ ਵਾਲੇ..........

ਗਵਰਮੈਂਟ ਪਾਸ ਅਪੀਲ:—

ਲੀਡਰਾਂ ਤੇ ਅਕਾਲੀਆਂ ਨੂੰ ਜਾਣਕੇ ਭਰਾ।ਹਾਲ ਸਚਾ ਦਸਿਆ ਖਫ਼ਾ ਹੋਣ ਨਾਂ ਜ਼ਰਾ॥
ਗਵਰਮੈਂਟ ਅਗੇ ਸਾਡੀ ਅਰਦਾਸ ਜੀ। ਰਾਜਿਆਂ ਦੇ ਲਈ ਦੇ ਤਵੱਜਾ ਖਾਸ ਜੀ॥
ਦਸੇ ਇਨਸਾਫ ਤੇ ਪਰਜਾ ਦਾ ਪਿਆਰ ਜੀ। ਨਾਭਾ ਵਾਲੇ..........
ਚੀਫ ਕਾਲਜਾਂ ਦੀ ਹੈ ਏਹੀ ਪੜ੍ਹਾਈ ਜੀ। ਰਾਜ ਨੀਤ ਖੂਬ ਹੀ ਜਾਵੇ ਸਖਾਈ ਜੀ॥
ਲਾਇਕ ਹੋਏ ਬਿਨਾਂ ਰਾਜ ਨੂੰ ਸੰਭਾਲਣਾ। ਰਈਤ ਦੀਆਂ ਜੜ੍ਹਾਂ ਪੁਟ ਹੈ ਉਛਾਲਣਾ॥
ਰਾਜੇ ਨਹੀਂ ਬਣੇ ਵਾਸਤੇ ਬੁਹਾਰ ਜੀ। ਨਾਭਾ ਵਾਲੇ..........

ਰਾਜਾ ਨਾਭਾ ਕੋ ਨਸੀਹਤ:—

ਮਹਾਰਾਜ ਨਾਭੇ ਨੂੰ ਸਾਡਾ ਇਕ ਕਥਨ। ਦਿਨ ਰਾਤ ਭਗਵਾਨ ਦਾ ਕਰੇ ਭਜਨ॥
ਮੁਆਫੀ ਮੰਗੇ ਲੋਕਾਂ ਤੋਂ ਜੇਹੜੇ ਸਤਾਏ ਹਨ।ਨਹੀਂ ਕੋਈ ਹੋਰ ਭਲੀ ਦੇ ਉਪਾਏਹਨ॥
ਆਪ ਦੇ ਅਦੰਤ ਨੂੰ ਲੈਵੇ ਸੁਧਾਰ ਜੀ। ਨਾਭਾ ਵਾਲੇ..........
ਤੀਰਥ ਬਰਤ ਪੁੰਨ ਦਾਨ ਨੂੰ ਕਰੇ। ਦੁਖੀ ਦੀਨ ਦੀ ਗਰੀਬ ਆਹਾਂ ਤੋਂ ਡਰੇ॥

Original with:
Language Department Punjab
Digitized by:
Panjab Digital Library

ਆਹਾਂ ਨੇ ਗਰੀਬ ਦੀ ਉਹਰਾਜ ਤੋਂ ਖੋਹਿਆ।ਪਟਿਆਲਾਕੇਸ ਤਾਂ ਬਹਾਨਾਹੋਗਿਆ॥
ਟਿੱਕੇ ਨੂੰ ਨਾਂ ਦਸਿਆ ਆਪ ਦਾ ਆਚਾਰ ਜੀ। ਨਾਭਾ ਵਾਲੇ.........
ਆਪੇ ਛਡ ਰਾਜ ਨੂੰ ਲੋਕੀ ਮਰਾਉਂਦਾ। ਗਿਰੇਬਾਨ ਵਿਚ ਨਹੀਂ ਮੂੰਹ ਨੂੰ ਪਾਉਂਦਾ॥
ਗਵਰਮੈਂਟ ਦੇ ਨਾਂ ਜਾਣਾਂ ਅਹਿਸਾਨ ਨੂੰ। ਤਿੰਨ ਲਖ ਮਿਲੇ ਸਾਲ ਕਲੀ ਜਾਨ ਨੂੰ॥
ਰਾਜੇ ਦਾ ਖਤਾਬ ਓਹੀ ਬਰ ਕਰਾਰ ਜੀ। ਨਾਭਾ ਵਾਲੇ.........
ਸਿਖਾਂ ਤੇ'ਅਕਾਲੀਆਂ ਨੂੰ ਟੋਕੇ ਜ਼ਿਦ ਤੋ ਦੁਖ ਪਾਏ ਤਿਨ੍ਹਾਂ ਨੇ ਅਮਨ ਕਬੁਧ ਤੇ॥
ਰੌਲਾ ਪਾ ਦਲੀਪ ਸਿੰਘ ਰੋਕਿਆ ਬੜਨ ਤੋਂ।ਫੇਰ ਭੀ ਨਾਂ ਹਟੇਹੁਣ ਫਜ਼ੂਲਲੜਨਤੋਂ॥
ਬਾਦਸ਼ਾਹਾਂ ਨਾਲ ਕੇਹੜਾ ਤਕਰਾਰ ਜੀ। ਨਾਭੇ ਵਾਲੇ.........

### ਨਕਲੀ ਸ਼ਾਤਮਈਃ—

ਇਸਤਰਾਂ ਭਲਾਈ ਕੀ ਹੋਣੀ ਸੀ ਦੇਸ਼ ਦੀ।ਇਹ ਤਾਂ ਸ਼ਾਂਤਮਈ ਜੜ੍ਹ ਥੀ ਕਲੇਸ਼ ਦੀ॥
ਸ਼ਾਂਤਮਈ ਨਾਮ ਸ਼ਾਂਤਮਈ ਨੂੰ ਧਾਰਨਾਂ ਗੁਰਦੁਆਰਿਆਂ ਉਤੇ ਨਹੀਂ ਧਰਨਾਂਮਾਰਨਾਂ॥
ਇਹ ਤਾਂ ਧਨ ਜੋੜਨੇ ਦਾ ਸੀ ਬਪਾਰ ਜੀ। ਨਾਭੇ ਵਾਲੇ.........
ਘੋਰ ਆਇਆ ਕਲਜੁਗ ਕਿੰਨੀ ਤਮਾਂ ਛਾਈਹੈ।ਗੁਰਦੁਆਰਿਆਂ ਦੇ ਚੜ੍ਹਾਵੇਨੀਤਲਾਈਹੈ
ਆਪੇ ਕਰਨ ਦਾਨ ਆਪੇ ਜਫੇ ਪਾਂਵਦੇ। ਗੁਰੂ ਵਾਕਾਂ ਉਤੇ ਹੜਤਾਲ ਲਾਂਵਦੇ॥
ਗੁਰੂ ਤਾਂ ਨਸ਼ੇਧ ਕਹਿ ਰਹੇ ਪੁਕਾਰ ਜੀ। ਨਾਭੇ ਵਾਲੇ.........
ਜੰਗ ਵੇਲੇ ਜਦੋਂ ਸਿਖ ਭੁੱਖੇ ਮਰ ਰਹੇ। ਮਾਤਾ ਨੇ ਗੁਰਾਂ ਨੂੰ ਓਦੋਂ ਬਚਨ ਥੇ ਕਹੇ॥
ਸੀਧਾ ਤੇ ਚੜ੍ਹਾਵੇ ਦਾ ਰੁਪਿਆ ਦਿਓ ਜੀ। ਭੁਖੇ ਸਿਖ ਪੁਤਰਾਂ ਦਾ ਪੁੰਨ ਲਓ ਜੀ॥
ਗੁਰੂ ਕਿਹਾ ਸਿਖਾਂ ਦਊ ਪੁੰਨ ਮਾਰ ਜੀ। ਨਾਭੇ ਵਾਲੇ.........
ਕੌਣ ਬਾਪ ਪੁਤਰਾਂ ਨੂੰ ਦਿੰਦਾ ਜ਼ੈਹਰ ਹੈ। ਪੁੰਨ ਰੂਪੀ ਸੱਪ ਵਿਚ ਭਾਰੀ ਲੈਹਰ ਹੈ॥
ਆਖਕੇ ਚੜ੍ਹਾਵਾ ਐਉਂ ਸਤਲੁਜ ਬਹਾਇਆਥਾ।ਬਿਪਤਵੇਲੇਭੀਨਹੀਂ ਸਿਖਾਂਖਵਾਇਆਥਾ॥
ਪੁੰਨ ਲਈ ਹੁਣ ਲਿਆ ਮੂੰਹ ਪਸਾਰ ਜੀ। ਨਾਭੇ ਵਾਲੇ.........

### ਪੈਹਲੇ ਸਿਖੋਂ ਕੀ ਬੜਾਈ:—

ਖੋਂਦੇ ਨਾਂ ਸੀ ਪ੍ਰਣ ਸਿਖ ਦਿੰਦੇ ਪ੍ਰਾਨ ਜੀ।ਕੌਲੋਂ ਨਾਂ ਸੀ ਫਿਰਦੇ ਚਾਹੇ ਜਾਵੇ ਜਾਨ ਜੀ॥
ਅਕਾਲੀ ਸਿਖਾਂਨੇਹੁਣਕਿੰਨਾ ਧੋਖਾਖਾਇਆਜੀ।ਹਥੋਂ ਦਿਤੇਰਾਜਲਈਦੁਖਪਾਇਆਜੀ॥
ਮੂੰਹੋਂ ਕਢ ਖਾਣਾ ਨਹੀਂ ਭਲੀ ਕਾਰ ਜੀ। ਨਾਭੇ ਵਾਲੇ.........
ਗੱਦੀ ਤੋਂ ਉਤਾਰਨਾਂ ਸਜਾ ਨਾਂ ਘੱਟ ਹੈ। ਪਰ ਨਾਂ ਓਹਦੀ ਘਟ ਹੋਈ ਜ਼ਰਾ ਲੱਟ ਹੈ॥
ਵੱਡੀ ਮਹਾਰਾਣੀ ਕਰ ਰੱਖੀ ਸੀ ਜੁਦੀ। ਮਿਲੇ ਨਾਂ ਗਏ ਨਾਂ ਓਹਨੂੰ ਐਡੀ ਹੈ ਖੁਦੀ॥
ਖੁਦੀ ਤੇ ਖੁਦਾ ਦਾ ਵੈਰ ਅਪਾਰ ਜੀ। ਨਾਭੇ ਵਾਲੇ.........
ਲੋਹੜਾ ਦੇਖੋ ਤਾਜ਼ਾ ਜ਼ੁਲਮਕੀਨਵਾਂਕਰਿਆ।ਸਕੀਬੀਬੀਦੇਵੀਬਿਆਹ ਵਿਚਨਾਂਬੜਿਆ॥
ਭੈਣ ਦੇ ਬਿਆਹ ਦੀਕਸਰਬਾਕੀਰਹੀਜੋ।ਧੀ ਦੇ ਬਿਆਹ ਨੇ ਜਾਕੇ ਪੂਰੀਕਰ ਦਿਤੀ ਸੋ॥
ਲਾਇਕ ਫ਼ਾਨਕਿਆਂ ਨੇ ਓਟੀ ਬਿਆਹ ਦੀ ਕਾਰ ਜੀ। ਨਾਭਾ ਵਾਲੇ... ... ...
ਬਿਨਾਂ ਰਜਾ ਜੀਹਦੀਹੋਬੀਬੀਦਾਵਜਾਹ ਜੀ।ਵਾਪਸ ਆਕੇ ਰਾਜ ਕੀ ਕਰੂਉਹਸੁਆਹਜੀ॥

Original with:
Language Department Punjab
Digitized by:
Panjab Digital Library

ਜੇਹੜਾ ਖਾਸ ਕੋੜਮੇਂ ਤੇ ਭੀ ਖਿਲਾਫ ਹੈ। ਉਹਤੇ ਭਲਾ ਕੀ ਉਮੈਦ ਇਨਸਾਫ ਹੈ।
ਉਹਦੀ ਮਦਦ ਤੇ ਹੋ ਬੈਂਹਦਾ ਪ੍ਰਚਾਰ ਜੀ । ਨਾਭਾ ਵਾਲੇ..........
ਉਨੇਂ ਪੁਤ੍ਰੀ ਦਾ ਕੀ ਸੀ ਬਿਆਹ ਰਚਾਵਣਾ। ਅੰਤ ਨੂੰ ਸੀ ਜੀਨੇ ਮੁਕੱਦਮਾ ਚਲਾਵਣਾ।
ਸੁਣੋ ਉਹਨੇ ਅੱਜ ਕਲ ਕੀ ਸੁਆਹ ਉਡਾਈ ਹੈ। ਪੰਥ ਖਾਲਸੇ ਨੂੰ ਵੱਡੀ ਲਾਜ ਲਾਈ ਹੈ।
ਪੁਤ੍ਰੀ ਕੜ੍ਹਾਈ ਹੈ ਕਚੈਹਰੀ ਬਾਰ ਜੀ । ਨਾਭਾ ਵਾਲੇ..........
ਬੁਰੀ ਆਦਤਾਂ ਨੂੰ ਜੇ ਕੋਈ ਉਸਦੀਆਂ ਖੋਵੇ। ਤਾਂਹੀ ਰਾਮ ਚਾਹੇ ਜੇ ਭਲਾ ਸੀ ਕੁਛ ਹੋਏ ॥
ਹੁਣ ਭੀ ਜੇ ਬੁਰਾਈ ਆਪ ਕਰੇ ਦੂਰ ਜੀ। ਰਬਦੀ ਮੇਹਰ ਦਾ ਸ਼ਾਇਦ ਹੋ ਜਹੂਰ ਜੀ।
ਰਬ ਰਾਜ਼ੀ ਹੋਵੇ ਤਾਂ ਰਾਜ਼ੀ ਸੰਸਾਰ ਜੀ। ਨਾਭਾ ਵਾਲੇ..........
ਰਾਜੇ ਨਾਤੇ ਦਾ ਚਰਿਤਰ ਤਾਂ ਅਪਾਰ ਜੀ। ਛਾਂਟਕੇ ਹੈ ਵਿਚੋਂ ਲਿਖਿਆ ਸਾਰ ਸਾਰ ਜੀ।
ਆਪ ਬੀਤੀ ਅਤੇ ਅਖੀਂ ਦੇਖੀ ਹੈ ਕਥਾ। ਨਹੀ ਮਨ ਘੜੰਤ ਕਿਸਾ ਮੁਢੋਂ ਹੈ ਬਿਥਾ।
ਭੁਲ ਚੁਕ ਸਜਣ ਲੈਣਗੇ ਸੁਧਾਰ ਜੀ । ਨਾਭਾ ਵਾਲੇ..........

## (ਨਤੀਜਾ)

ਕਬਿਤ (੧) ਸਚ ਦੇ ਪਰਤਾਪ ਘਰੋਂ ਕਢਣ ਵਾਲੇ ਕਢੇ ਗਏ।
ਜਲਾਵਤ ਵਤਨ ਵਿਚ ਮੋੜਕੇ ਬਸਾਏ ਹਨ ॥
ਬੋਲੀਆਂ ਲਲਾਮੀਆਂ ਜਿਨ੍ਹਾਂਨੇ ਉਨ੍ਹਾਂਦੀ ਭੀ ਹੋਈਆਂ।
ਜਰੀਮਾਨੇ ਦੀ ਥੋਂ ਹਰਜਾਨੇ ਗਲ ਪਾਏ ਹਨ ॥
ਝੌਂਪੜੇ ਖੋਏ ਥੇ ਜਿਨ੍ਹਾਂ ਮੈਹਲ ਉਨ੍ਹਾਂ ਦੇ ਭੀ ਖੁਸੇ।
ਘੜੇ ਮਟਾਂ ਦੀ ਥਾਂ ਹਾਥੀ ਘੋੜੇ ਤਾਂ ਬਕਾਏ ਹਨ ॥
ਜਬੱਰਨ ਅਕਬਾਲ ਲੋਕਾਂ ਪਾਸੋਂ ਲਿਖਵਾਏ ਜਿਹਨੇ।
ਗੱਦੀ ਛਡਨੇ ਨੂੰ ਹਥ ਡਾਢੇ ਨੇ ਕਟਾਏ ਹਨ ॥

(੨)

ਅੰਦਰ ਬੜਕੇ ਜੇਹੜੇ ਪਾਪ ਕਰੇ ਚੋਰੀ ਢੋਰੀ ਹਾਏ।
ਓਹੀ ਪਰਗਟ ਹੋਏ ਆਮ ਖਾਸ ਅਜ ਗਾ ਰਹੇ ॥
ਦੋਹਾਂ ਦੀ ਹਮੈਤ ਤੂੰ ਗਰੀਬ ਦੀ ਭਲਾਈ ਹੋਵੇ ।
ਲਖਾਂ ਮਦਦਗਾਰ ਸਗਾਂ ਦੁਖਾਂ ਨੂੰ ਬਧਾ ਰਹੇ ॥
ਜ਼ਿਦ ਨਾਲ ਕਰੇ ਕੈਦ ਜਿਨ੍ਹਾਂ ਨੇ ਓਹ ਆਪ ਹੋਏ।
ਦੇਖੀਏ ਕੀ ਕੂ ਕਰਣਗੇ ਜੇਹੜੇ ਤਣੇ ਤੁੜਾ ਰਹੇ ॥
ਜਿਸ ਤਰਾਂ ਕਰੀ ਥੀ ਨੇਕਾਂ ਨਾਲ ਸੋਈ ਅਗੇ ਆਈ।
ਰਾਜੇ ਨਾਭੇ ਦੇ ਚਰਿਤਰ ਸਿਖਿਯਾ ਇਹ ਸਿਖਾ ਰਿਹਾ।

ਦੋਹਰਾ

ਪਰਮੇਸ਼ਵਰ ਦੀ ਕ੍ਰਿਪਾ ਤੋਂ ਹੋਇਆ ਸਪੂਰਨ ਗ੍ਰੰਥ ।
ਪਾਠਕ ਸਰੋਤਾ ਰੈਹਨ ਖੁਸ਼ੀ ਚਲਣ ਸੋਹਣੇ ਪੰਥ ॥

Original with:
Language Department Punjab
Digitized by:
Panjab Digital Library

*Original with:*
Language Department Punjab
*Digitized by:*
Panjab Digital Library

Amritsar.

Original with:
Language Department Punjab
Digitized by:
Panjab Digital Library